੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੨੫ ਜਿਲਦ ੩੦ ੨-੮ ਜੁਲਾਈ ੨੦੨੦, ੧੯-੨੫ ਹਾੜ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 25 Volume 30, 2-8 July 2020
Yearly Subscription India 250/-, Abroad 2500/- and Life Membership India 2500/-, Abroad 25000/-

# ਗੁਰ ਮਰਿਯਾਦਾ

❖ **ਭਾਈ ਸਾਹਿਬ ਭਾਈ ਵੀਰ ਸਿੰਘ**

(**ਨੋਟ :** ਭਾਈ ਸਾਹਿਬ ਨੇ ਇਹ ਲੇਖ 13 ਜੂਨ, 1906 ਈ. ਵਿਚ ਲਿਖਿਆ ਸੀ ਜਦੋਂ ਹਾਲੇ ਗੁਰ ਮਰਿਯਾਦਾ ਲਿਖਤੀ ਰੂਪ ਵਿਚ ਨਹੀਂ ਸੀ ਛਪੀ ਸਗੋਂ ਸੀਨਾ-ਬਸੀਨਾ ਚਲਦੀ ਸੀ। ਮਗਰੋਂ 1920 ਵਿਚ ਸ਼੍ਰੋਮਣੀ ਕਮੇਟੀ ਬਣਨ ਤੇ ਉਸ ਨੇ ਗੁਰ ਮਰਿਯਾਦਾ ਤੇ ਕਿਤਾਬਚਾ ਛਾਪਿਆ ਤੇ ਗੁਰ ਮਰਿਯਾਦਾ ਦਾ ਲਿਖਤੀ ਰੂਪ ਹੋਂਦ ਵਿਚ ਆਇਆ। ਇਸੇ ਤਰ੍ਹਾਂ ਇਸ ਲੇਖ 'ਚ ਭਾਈ ਸਾਹਿਬ ਕਈ ਥਾਈਂ ਗੁਰਦੁਆਰੇ ਦੀ ਥਾਂ ਗੁਰੂ ਮੰਦਰ ਜਾਂ ਧਰਮਸਾਲ ਸ਼ਬਦ ਵਰਤਦੇ ਹਨ ਜਿਸ ਦਾ ਭਾਵ ਗੁਰਦੁਆਰੇ ਤੋਂ ਹੀ ਹੈ। ਸਮੇਂ ਨਾਲ ਬਹੁਤ ਸਾਰੀਆਂ ਚੀਜ਼ਾਂ 'ਚ ਬਦਲਾਓ ਆਉਂਦਾ ਹੈ। ਪਾਠਕ ਜਨ ਇਨ੍ਹਾਂ ਚੀਜ਼ਾਂ ਨੂੰ ਧਿਆਨ 'ਚ ਰੱਖ ਕੇ ਲੇਖ ਨੂੰ ਪੜ੍ਹਨ ਜੀ। — ਸੰਪਾਦਕ

ਕਈ ਸੱਜਣ ਪੁੱਛਣਗੇ ਕਿ ਗੁਰ ਮਰਿਯਾਦਾ ਤੋਂ ਸਾਡੀ ਕੀ ਮੁਰਾਦ ਹੈ? ਉਹਨਾਂ ਦੇ ਉੱਤਰ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਹਰ ਇਕ ਮਤ ਵਿਚ ਕੋਈ ਨਾ ਕੋਈ ਖਾਸ ਮਰਿਯਾਦਾ ਕਾਇਮ ਹੁੰਦੀ ਹੈ, ਜਿਸ ਅਨੁਸਾਰ ਉਸ ਮਤ ਦੇ ਪ੍ਰਬੰਧਕ ਉਸ ਮਤ ਦੀਆਂ ਰੀਤਾਂ, ਰਸਮਾਂ, ਸੰਸਕਾਰਾਂ, ਪੁਰਬ ਆਦਿਕ ਇਕੋ ਹੀ ਢੰਗ ਨਾਲ ਸਦਾ ਲਈ ਕਾਇਮ ਰਖਦੇ ਹਨ। ਜੇ ਕਦੀ ਕੁਝ ਫ਼ਰਕ ਆਉਣ ਲਗਦਾ ਹੈ ਤਾਂ ਉਸ ਮਤ ਦੇ ਵਡੇ ਪ੍ਰਬੰਧਕ ਪਹਿਲੋਂ ਸੋਚ ਲੈਂਦੇ ਹਨ ਕਿ ਇਸ ਤਰ੍ਹਾਂ ਚਲਣ ਦੇ ਕਾਰਨ ਮਤ ਦੇ ਅਸੂਲਾਂ ਪਰ ਕੁਝ ਬੁਰਾ ਅਸਰ ਤਾਂ ਨਹੀਂ ਪਵੇਗਾ?

ਹਰ ਮਤ ਦੇ ਤਿੰਨ ਅੰਗ ਹੁੰਦੇ ਹਨ: 1. ਅਸੂਲ (Principles), 2. ਜਥੇਬੰਦੀ (Organization) ਅਤੇ 3. ਪ੍ਰਬੰਧ (Regulations)। ਸੋ ਪ੍ਰਬੰਧ ਦਾ ਨਾਮ ਸਿੱਖਾਂ ਵਿਚ ਮਰਿਯਾਦਾ ਯਾ ਗੁਰ ਮਰਿਯਾਦਾ ਹੈ। ਅਰਥਾਤ ਉਹ ਮਰਿਯਾਦਾ ਜੋ ਗੁਰੂ ਸਾਹਿਬਾਨ ਨੇ ਯਾ ਪੰਥ ਗੁਰੂ ਨੇ ਧਰਮ ਦੇ ਅਸੂਲਾਂ ਦੇ ਮੁਤਾਬਕ ਜਥੇਬੰਦੀ ਦੇ ਅਨੁਕੂਲ ਕਾਇਮ ਕੀਤੀ ਹੋਈ ਹੈ। ਈਸਾਈਆਂ ਵਿਚ ਇਸ ਨੂੰ 'ਚਰਚ ਰੈਗੂਲੇਸ਼ਨਜ਼', ਹਿੰਦੂਆਂ ਵਿਚ ਇਸ ਨੂੰ 'ਧਰਮ ਸ਼ਾਸਤ੍ਰ' ਅਤੇ ਮੁਸਲਮਾਨਾਂ ਵਿਚ 'ਇਸਲਾਮੀ ਸ਼ਰਅ' ਆਖਦੇ ਹਨ। ਮੇਲੇ ਮੁਸਾਹਬੇ, ਜੋੜ ਜਾਗੇ, ਯਾਤ੍ਰਾ ਆਦਿਕ ਜਿਤਨੇ ਕੰਮ ਸਿੱਖ ਅਸੂਲਾਂ ਦੇ ਪ੍ਰਚਾਰ ਕਰਨ ਹਿਤ ਸਿੱਖਾਂ ਦੀ ਜਥੇਬੰਦੀ ਕੰਮ ਵਿਚ ਲਿਆਉਂਦੀ ਰਹੀ ਹੈ, ਉਹਨਾਂ ਦਾ ਸਮੁੱਚਾ ਨਾਮ 'ਗੁਰ ਮਰਿਯਾਦਾ' ਹੈ। ਭਾਵੇਂ ਗੁਰ ਮਰਿਯਾਦਾ (ਜਿਸ ਦਾ ਨਵਾਂ ਨਾਮ ਹੁਣ ਕਈ ਸਜਣ 'ਖਾਲਸਾ ਧਰਮ ਸ਼ਾਸਤ੍ਰ' ਅਨਜਮਤੀਆਂ ਦੀ ਨਕਲ ਵਿਚ ਰਖਣਾ ਚਾਹੁੰਦੇ ਹਨ) ਦਾ ਪੁਸਤਕ ਸਿੱਖਾਂ ਵਿਚ ਸਮੁੱਚਾ ਲਿਖਿਆ ਹੋਇਆ ਨਹੀਂ ਹੈ, ਪਰ ਕੁਝ ਕੁਝ ਅੰਗ ਇਸ ਦੇ ਹੁਣ ਲੋਕ ਲਿਖਣ ਲਗ ਪਏ ਹਨ, ਜੈਸਾ ਕਿ ਅੰਮ੍ਰਿਤ ਸੰਸਕਾਰ ਵਿਧੀ, ਆਨੰਦ ਸੰਸਕਾਰ ਵਿਧੀ ਆਦਿਕ। ਪਰ ਅਸਲ ਗੱਲ ਇਹ ਹੈ ਕਿ ਅਜੇ ਤਕ ਬਹੁਤ ਕਰਕੇ ਗੁਰ ਮਰਿਯਾਦਾ ਸੀਨੇ ਬਸੀਨੇ ਸਿੱਖਾਂ ਵਿਚ ਸਮਝੀ ਜਾ ਰਹੀ ਹੈ, ਉਸ ਦੀ ਖਾਸ ਪੁਸਤਕ ਕੋਈ ਨਹੀਂ ਬਣੀ।

ਸਾਡੇ ਨਜ਼ਦੀਕ ਗੁਰ ਮਰਿਯਾਦਾ ਦੇ ਪੰਜ ਵਡੇ ਅੰਗ ਹਨ : 1. ਗੁਰਪੁਰਬ, 2. ਸੰਸਕਾਰ, 3. ਰੀਤਾਂ, 4. ਰਸਮਾਂ, 5. ਯਾਤ੍ਰਾ ਅਤੇ ਕੁਝ ਕੁਝ ਛੋਟੇ ਛੋਟੇ ਹੋਰ ਅੰਗ ਬੀ ਹਨ, ਜਿਨ੍ਹਾਂ ਪਰ ਹਾਲਾਂ ਅਸੀਂ ਸੋਚ ਨਹੀਂ ਕਰਦੇ। ਅੱਜ ਅਸੀਂ ਸਮੁੱਚੀ ਗੁਰ ਮਰਿਯਾਦਾ ਦਾ ਹਾਲ, ਜੋ ਗ੍ਰੰਥੀਆਂ ਨਾਲ ਮੇਲ ਰਖਦਾ ਹੈ, ਉਸ ਨੂੰ ਦੱਸਦੇ ਹਾਂ। ਧਿਆਨ ਰਹੇ ਕਿ ਸਿੱਖਾਂ ਵਿਚ ਹਰ ਰਸਮ ਦੀ ਮਰਿਯਾਦਾ ਹੌਲੀ ਹੌਲੀ ਕਾਇਮ ਹੋ ਗਈ ਹੈ। ਜਿਵੇਂ ਕਿ ਪਹਿਲੇ ਗੁਰਦੁਆਰਿਆਂ ਦੀ ਇਮਾਰਤ ਵਲ ਵੇਖੋ, ਭਾਵੇਂ ਬਾਵਲੀਆਂ, ਧਰਮਸਾਲਾਂ, ਬੁੰਗੇ, ਸਮਾਧਾਂ ਆਦਿਕਾਂ ਦੀਆਂ ਇਮਾਰਤਾਂ ਨਿਰਾਲੇ ਢੰਗ

## ਅੰਦਰ


- ਸਿੱਖ ਇਤਿਹਾਸ, ਸ. ਕਰਮ ਸਿੰਘ ਤੇ ਸਾਡਾ ਫ਼ਰਜ਼ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- Bhai Mani Singh 7
- ਭਾਈ ਮਨੀ ਸਿੰਘ - ਇਕ ਬਹੁਪੱਖੀ ਸ਼ਖ਼ਸੀਅਤ 9
- ਸੌ ਸਾਲ ਪਹਿਲਾਂ : ਸੁਲਹ ਦੇ ਦਸਖ਼ਤ... 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਦੀਆਂ ਹੁੰਦੀਆਂ ਹਨ, ਪਰ ਖਾਸ ਗੁਰੂ ਮੰਦਰਾਂ ਦੀਆਂ ਇਮਾਰਤਾਂ ਵਿਚ ਧਰਮਸਾਲਾਂ ਆਦਿਕਾਂ ਨਾਲੋਂ ਇਹ ਫਰਕ ਹੁੰਦਾ ਹੈ ਕਿ ਗੁਰੂ ਮੰਦਰਾਂ ਦੇ ਚਾਰ ਦਰਵਾਜ਼ੇ ਹੁੰਦੇ ਹਨ, ਮੁਸਲਮਾਨਾਂ ਦੀਆਂ ਮਸੀਤਾਂ ਦੀ ਤਰ੍ਹਾਂ ਇਕੋ ਪਾਸੇ ਹੀ ਦਰਵਾਜ਼ੇ ਨਹੀਂ ਹੁੰਦੇ, ਨਾ ਗਿਰਜਿਆਂ ਵਾਂਗ ਪਹਾੜੀ ਕੰਦਰਾਂ ਦੀਆਂ ਨਕਲਾਂ ਇਮਾਰਤ ਵਿਚ ਉਤਾਰੀਆਂ ਜਾਂਦੀਆਂ ਹਨ ਤੇ ਨਾ ਠਾਕਰ ਦੁਆਰੇ ਸ਼ਿਵਦੁਆਲੇ ਆਦਿਕ ਹਿੰਦੂ ਮੰਦਰਾਂ ਦੀ ਸ਼ਕਲ ਸਿੱਖਾਂ ਦੇ ਮੰਦਰ ਦੀ ਹੁੰਦੀ ਹੈ। ਗੁਰ ਮੰਦਰਾਂ ਦੇ ਉਪਰ ਗੁੰਬਜ਼ ਅਤੇ ਕਲਸ ਅਤੇ ਬਾਹਰ ਦੇ ਗੁੰਬਜ਼ ਦੇ ਵਿਚਕਾਰ ਛੋਟੇ ਛੋਟੇ ਗੁੰਬਜ਼ਾਂ ਦੀਆਂ ਪਾਲਾਂ ਹੁੰਦੀਆਂ ਹਨ। ਗੁਰ ਮੰਦਰਾਂ ਦੀਆਂ ਦੀਵਾਰਾਂ ਉਪਰ ਫੁਲ ਬੇਲ ਬੂਟਾ ਆਦਿਕਾਂ ਦੇ ਨਕਸ਼ੇ ਯਾ ਗੁਰਬਾਣੀ ਦੀਆਂ ਤੁਕਾਂ ਜ਼ਰੂਰ ਹੁੰਦੀਆਂ ਹਨ, ਪਰ ਮੂਰਤਾਂ ਨਹੀਂ ਹੁੰਦੀਆਂ। ਗੁੰਬਜ਼ਾਂ ਦੇ ਉਪਰ ਕਲਸ ਹੁੰਦੇ ਹਨ, ਪਰ ਗਿਰਜਿਆਂ ਦੀ ਤਰ੍ਹਾਂ ਸਲੀਬ ਦਾ ਨਕਸ਼ਾ ਨਹੀਂ ਹੁੰਦਾ ਤੇ ਨਾ ਹੀ ਸ਼ਿਵਾਲਿਆਂ ਦੀ ਤਰ੍ਹਾਂ ਤ੍ਰਿਸੂਲ ਹੁੰਦਾ ਹੈ ਤੇ ਨਾ ਦੇਵੀ ਮੰਦਰਾਂ ਦੀ ਤਰ੍ਹਾਂ ਛਤਰ ਹੁੰਦੇ ਹਨ ਅਤੇ ਨਾ ਜੈਨ ਮੰਦਰਾਂ ਦੀ ਤਰ੍ਹਾਂ ਗੁਲਾਈਦਾਰ ਮਟੀਆਂ ਜਿਹੀਆਂ ਲਗੀਆਂ ਹੁੰਦੀਆਂ ਹਨ।

ਅਸਲ ਪੁਰਾਣੀ ਮਰਿਯਾਦਾ ਸਿਰਫ਼ ਕਲਸ ਦੀ ਹੀ ਹੈ ਜੋ ਨਾ ਤਾਂ ਤ੍ਰਿਸੂਲ ਦੀ ਤਰ੍ਹਾਂ ਤ੍ਰਿਕੁਟੀ ਦੇ ਅਸੂਲ ਨੂੰ ਦੱਸਣ ਵਾਲੀ ਹੈ ਅਤੇ ਨਾ ਸਲੀਬ ਦੀ ਸ਼ਕਲ ਬਣਾਕੇ ਹਜ਼ਰਤ ਈਸਾ ਨੂੰ ਸੰਸਾਰ ਦੇ ਪਾਪ ਧੋਣ ਦੇ ਅਸੂਲ ਨੂੰ ਸੂਲੀ ਪਰ ਚੜ੍ਹਕੇ ਦੂਰ ਕਰਨ ਦੀ ਨਿਸ਼ਾਨੀ ਹੈ, ਪਰ ਸਿਰਫ਼ ਇਕ ਅਕਾਲ ਨੂੰ ਗਿਆਤ ਕਰਾਉਣ ਵਾਲੀ ਇਹ ਕਲਸ ਦੀ ਸ਼ਕਲ ਹੈ। ਇਮਾਰਤਾਂ ਦੇ ਬਨਾਉਣ ਵਿਚ ਬੀ ਗੁਰ ਮਰਿਯਾਦਾ ਦਾ ਨਕਸ਼ਾ ਹੈ। ਇਸੇ ਤਰ੍ਹਾਂ ਸਮਾਧਾਂ ਦਾ ਹਾਲ ਹੈ। ਸਮਾਧਾਂ ਪੂਜਣ ਯਾ ਚੜ੍ਹਾਵੇ ਚੜ੍ਹਾਉਣ ਦੀ ਖਾਤਰ ਨਹੀਂ ਸਨ ਬਣੀਆਂ। ਕਬਰਾਂ, ਗੋਰਾਂ, ਮੜ੍ਹੀਆਂ, ਮਠਾਂ, ਦੇਹੁਰਿਆਂ, ਸਮਾਧਾਂ ਆਦਿਕਾਂ ਦਾ ਪੂਜਣਾਂ ਸਿੱਖਾਂ ਵਿਚ ਮਨ੍ਹੇ ਹੈ; ਪਰ ਸਮਾਧਾਂ ਵਿਚ ਜਾਕੇ ਇਹ ਵਿਚਾਰਨਾ ਕਿ ਐਸੇ ਐਸੇ ਪਰਤਾਪੀ ਅਤੇ ਮਹਾਂਪੁਰਖ ਬੀ ਜਦ ਸੰਸਾਰ ਤੋਂ ਚੱਲੇ ਗਏ ਹਨ ਤਾਂ ਅਸੀਂ ਕਦ ਬਚਣ ਲਗੇ ਹਾਂ; ਇਉਂ ਸਮਾਧਾਂ ਦੀ ਯਾਤ੍ਰਾ ਤੇ ਅਦਬ ਲਿਹਾਜ਼ ਮਨ੍ਹੇ ਨਹੀਂ ਹੈ। ਮਹਾਤਮਾ ਦਾਦੂ ਜੀ ਦੀ ਮੜ੍ਹੀ ਪਾਸ ਜਾਕੇ ਜਦ ਦਸਮ ਗੁਰੂ ਜੀ ਨੇ ਤੀਰ ਝੁਕਾਇਆ ਸੀ ਤਾਂ ਸਿੱਖਾਂ ਨੇ ਤੀਰ ਝੁਕਾਉਣ ਦਾ ਦੰਡ ਲਗਾਇਆ ਸੀ, ਪਰ ਮੜ੍ਹੀ ਪਾਸ ਜਾਣ ਦਾ ਦੰਡ ਨਹੀਂ ਸੀ ਲਗਾਇਆ। ਸੋ ਸਮਾਧਾਂ ਪਾਸ ਜਾਣਾ ਮੰਨ੍ਹੇ ਨਹੀਂ, ਪਰ ਉਹਨਾਂ ਨੂੰ ਪੂਜਣਾ ਮਨ੍ਹੇ ਹੈ। ਮੁਸਲਮਾਨਾਂ ਵਿਚ ਮਕਬਰਿਆਂ ਦੇ ਨਾਲ ਜਿਥੇ ਮਸਜਿਦ ਬਣੀ ਹੋਵੇ ਉਸ ਮਸਜਿਦ ਵਿਚ ਨਮਾਜ਼ ਪੜ੍ਹਨੀ ਚੰਗੀ ਨਹੀਂ ਸਮਝਦੇ, ਇਸੇ ਤਰ੍ਹਾਂ ਸਿੱਖਾਂ ਨੇ ਬੀ ਸਮਾਧਾਂ ਦੇ ਨਾਲ ਲਗਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਰਸਮ ਨਹੀਂ ਪਾਈ ਸੀ। ਪਰ ਹੁਣ ਕਈ ਸਿੱਖ ਗੁਰ ਮਰਿਯਾਦਾ ਨੂੰ ਭੁੱਲਕੇ ਸਮਾਧਾਂ ਅਤੇ ਦੇਹੁਰਿਆਂ ਦੇ ਅਗੇ ਮੱਥੇ ਟੇਕਣ ਲਗ ਗਏ ਹਨ। ਸੂਫ਼ੀ ਫ਼ਕੀਰਾਂ ਦੀ ਨਕਲ ਕਰਕੇ ਸਮਾਧਾਂ ਦੀ ਚਰਨ ਧੂੜੀ ਮੱਥੇ ਪਰ ਲਾਉਂਦੇ ਹਨ। ਕਈ ਸਜਣ ਇਹ ਦੇਖਕੇ ਕਿ ਇਹ ਰਸਮ ਕਿਸੇ ਤਰ੍ਹਾਂ ਹਟੇ, ਹੁਣ ਸੋਚਦੇ ਹਨ ਕਿ ਸਮਾਧਾਂ ਦੇ ਉਪਰ ਯਾ ਅਗੇ ਯਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਸੇ ਤਰ੍ਹਾਂ ਹੋ ਜਾਵੇ ਜਿਸ ਕਰਕੇ ਇਹ ਪਰਚਲਤ ਕੁਰੀਤੀ, ਜੋ ਮਹਾਰਾਜਾ ਰਣਜੀਤ ਸਿੰਘ ਵੇਲੇ ਅਨਮਤੀਏ ਅਹਿਲਕਾਰਾਂ ਨੇ ਜਗੀਰਾਂ ਦੁਆਕੇ ਚਲਾ ਦਿਤੀ ਹੈ, ਸੋ ਢੱਕੀ ਜਾਵੇ ਅਤੇ ਸਾਨੂੰ ਇਹ ਸੁਣਨ ਦਾ ਮੌਕਿਆ ਨਾ ਮਿਲੇ ਕਿ ਸਿੱਖ ਆਪਣੀ ਗੁਰ ਮਰਿਯਾਦਾ ਤੋਂ ਡਿਗ ਪਏ ਹਨ। ਪਰ ਇਸ ਤਰ੍ਹਾਂ ਜੋ ਮਰਿਯਾਦਾ ਭੰਗ ਹੋ ਰਹੀ ਹੈ ਉਹ ਦੂਰ ਹੋਣੀ ਕਠਨ ਹੈ। ਇਸ ਦਾ ਇੱਕੋ ਇਲਾਜ ਇਹੀ ਹੈ ਕਿ ਚੰਗੇ ਗ੍ਰੰਥੀ ਹੋਣ ਜੋ ਸੰਗਤਾਂ ਦੇ ਅੰਦਰ ਗੁਰ ਮਰਿਯਾਦਾ ਦੇ ਉਪਦੇਸ਼ ਦੇ ਦੇ ਕੇ ਸਿੱਖਾਂ ਨੂੰ ਸਮਾਧ ਪਰਸਤੀ ਤੋਂ ਬਚਾ ਲੈਣ। ਈਸਾਈ ਬੀ ਆਪਣੀਆਂ ਸਮਾਧਾਂ ਨਾਲ ਪਿਆਰ ਕਰਦੇ ਹਨ ਪਰ ਉਹਨਾਂ ਦੀ ਪੂਜਾ ਨਹੀਂ ਕਰਦੇ। ਏਸੇ ਤਰ੍ਹਾਂ ਵਡਿਆਂ ਦੀਆਂ ਸਮਾਧਾਂ ਸਾਨੂੰ ਸਾਡੀ ਆਪਣੀ ਮੌਤ ਦੀ ਯਾਦ ਦੁਆਉਣ ਕਰਕੇ ਸਾਥੋਂ ਪਿਆਰ ਦੀ ਨਜ਼ਰ ਨਾਲ ਦੇਖੀਆਂ ਜਾ ਸਕਦੀਆਂ ਹਨ, ਤੇ ਅਦਬ ਸਤਿਕਾਰ ਦੀਆਂ ਹੱਕਦਾਰ ਹਨ। ਓਥੇ ਪਵਿਤ੍ਰ ਭੈ ਨਾਲ ਦਾਖਲ ਹੋਵੋ ਪਰ ਜੋ ਪੂਜਾ ਕਿ ਅਕਾਲ ਪੁਰਖ ਦੀ ਹੋਣੀ ਸੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਪਰ ਇਹ ਗਲਾਂ ਤਦ ਤਕ ਸਮਝ ਵਿਚ ਨਹੀਂ ਆ ਸਕਦੀਆਂ ਜਦ ਤਕ ਸਿੱਖਾਂ ਵਿਚ ਵਿਚਾਰ ਸ਼ਕਤੀ ਨਾ ਵਧੇ ਤੇ ਵਿਚਾਰ ਸ਼ਕਤੀ ਚੰਗੇ ਗ੍ਰੰਥੀਆਂ ਬਿਨਾਂ ਵਧ ਨਹੀਂ ਸਕਦੀ।

ਇਸੇ ਤਰ੍ਹਾਂ ਕੜਾਹ ਪ੍ਰਸ਼ਾਦ ਦੇ ਬਨਾਉਣ ਦੀ ਅਤੇ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੇਸ਼ ਕਰਨ ਦੀ ਮਰਿਯਾਦਾ ਹੈ, ਦੀਵਾਨ ਵਿਚ ਅਰਦਾਸ ਕਰਾਉਣ ਦੀ ਮਰਿਯਾਦਾ ਹੈ, ਦੀਵਾਨ ਵਿਚ ਬੈਠਣ ਦੀ ਮਰਿਯਾਦਾ ਹੈ, ਨਿਤਨੇਮ ਕਰਨ ਦੀ ਮਰਿਯਾਦਾ ਹੈ, ਹੁਕਮ ਸੁਣਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਦੀ ਮਰਿਯਾਦਾ ਹੈ, ਰਹਿਰਾਸ ਦੇ ਦੀਵਾਨ ਵਿਚ ਸੰਗਤਾਂ ਦੇ ਇਕੱਤ੍ਰ ਹੋਣ ਦੀ ਮਰਿਯਾਦਾ ਹੈ, ਸਿੱਖਾਂ ਦੇ ਪ੍ਰਸਾਦਿ ਦੀ ਮਰਿਯਾਦਾ ਹੈ, ਮਹੱਲਿਆਂ ਦੇ ਸਮਿਆਂ ਪਰ ਤਖਤ ਸਾਹਿਬਾਂ ਪਰ ਹਾਜ਼ਰ ਹੋਣ ਦੀ ਮਰਿਯਾਦਾ ਹੈ, ਵੈਸਾਖੀ ਦੀਪਮਾਲਾ ਪਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤ੍ਰਾ ਦੀ ਮਰਿਯਾਦਾ ਹੈ, ਮੇਲੇ ਮੁਸਾਹਬਿਆਂ ਪਰ ਦੀਵਾਨ ਵਿਚ ਹਾਜ਼ਰ ਹੋਣ ਦੀ ਮਰਿਯਾਦਾ ਹੈ। ਮਤਲਬ ਇਹ ਕਿ ਸਿੱਖਾਂ ਦੇ ਤਰੀਕਿਆਂ ਪਰ ਚੱਲਣ ਦੀਆਂ ਕਈ ਮਰਿਯਾਦਾ ਹਨ, ਐਥੋਂ ਤਕ ਕਿ ਪੰਥ ਦੇ ਸਾਂਝੇ ਕੰਮਾਂ ਲਈ ਦਸਵੰਧ ਦੇਣ ਦੀ ਅਤੇ ਸੰਸਕਾਰਾਂ ਪਰ ਧਰਮ ਕਾਰਜਾਂ ਲਈ ਗੱਫੇ ਦੇਣ ਦੀ ਅਤੇ ਰੋਜ਼ ਧਰਮਸਾਲਾਂ ਵਿਖੇ ਪ੍ਰਸ਼ਾਦੇ ਪੁਚਾਉਣ ਦੀ ਅਤੇ ਦਿਨ ਦਿਹਾਰਾਂ ਪਰ ਧਰਮਸਾਲਾਂ ਦੇ ਖਰਚ ਤੋਰਨ ਵਾਸਤੇ ਅਰਦਾਸੇ ਅਤੇ ਹੋਰ ਵਸਤਾਂ ਦੇ ਦੇਣ ਦੀਆਂ ਮਰਿਯਾਦਾਂ ਬੀ ਹਨ। ਇਸੇ ਤਰ੍ਹਾਂ ਸ਼ਬਦ ਕੀਰਤਨ ਕਥਾ ਸਾਖੀ ਆਦਿ ਸੁਣਨੇ ਦੀ, ਅਨਾਥਾਂ ਦੀ ਸੇਵਾ, ਬੇਟਾ ਬੇਟੀ ਦੇ ਧਰਮਸ਼ਾਲਾ ਵਿਚ ਪੜ੍ਹਨੇ ਪਾਉਣ ਦੀਆਂ ਸਭ ਬਾਤਾਂ ਦੀਆਂ ਮਰਿਯਾਦਾਂ ਨਿਯਤ ਹਨ ਪਰ ਇਹ ਸਭ ਬਾਤਾਂ ਸੀਨੇ ਬਸੀਨੇ ਸਿੱਖਾਂ ਦੇ ਚਲੀਆਂ ਆਉਂਦੀਆਂ ਹਨ। ਇਨ੍ਹਾਂ ਦੇ ਅੱਡ ਅੱਡ ਪੁਸਤਕ ਬਣੇ ਹੋਏ ਨਹੀਂ ਹਨ, ਖਾਸ ਕਰਕੇ ਇਨ੍ਹਾਂ ਮਰਿਯਾਦਾਂ ਨੂੰ ਕਾਇਮ ਰਖਣਾ ਯਾ ਉਲਟ ਪਲਟ ਦੇਣਾ ਬਹੁਤ ਕੁਝ ਪਿੰਡਾਂ ਤੇ ਨਗਰਾਂ ਦੀਆਂ ਧਰਮਸਾਲੀਆਂ ਦੇ ਹੱਥ ਹੈ; ਜਿਸ ਤਰ੍ਹਾਂ ਦੀਆਂ ਮਰਿਯਾਦਾਂ ਉਹ ਸੰਗਤਾਂ ਨੂੰ ਸਿਖਾਉਣਗੇ ਯਾ ਪ੍ਰਚਲਤ ਮਰਿਯਾਦਾ ਨੂੰ ਕਾਇਮ ਰਖਣਗੇ ਯਾ ਭੰਗ ਨਾਂ ਕਰਨ ਦੇਣਗੇ ਸੋ ਕਾਇਮ ਹੋ ਸਕਣਗੀਆਂ ਪਰ ਜੇ ਇਹ ਮਰਿਯਾਦਾ ਜਗ੍ਹਾ ਜਗ੍ਹਾ ਪਰ ਟੁੱਟ ਟੁੱਟਕੇ ਅਡ ਅਡ ਹੁੰਦੀਆਂ ਗਈਆਂ ਤਾਂ ਗੁਰ ਮਰਿਯਾਦਾ ਵਿਚ ਭੰਗ ਪੈਂਦੇ ਪੈਂਦੇ ਕੋਈ ਤਰਤੀਬ (System) ਯਾ ਮੇਲ (Harmony) ਨਹੀਂ ਰਹੇਗੀ। ਅਤੇ ਸਿੱਖੀ ਦੇ ਵਡੇ ਅਸੂਲ ਅਰਥਾਤ ਪ੍ਰਬੰਧ ਨੂੰ ਵੱਡਾ ਹੀ ਘਾਟਾ ਪਹੁੰਚੇਗਾ। ਪਰ ਮਿਤ੍ਰੋ! ਸਾਡੀਆਂ ਗੁਰ ਮਰਿਯਾਦਾਂ ਨੂੰ ਕੌਣ ਬਚਾ ਸਕਦਾ ਹੈ? ਜਵਾਬ ਇਹ ਹੈ, ਕਿ ਬਹੁਤ ਕਰਕੇ ਪੜ੍ਹੇ ਲਿਖੇ ਸਮਝਦਾਰ ਗ੍ਰੰਥੀ ਹੀ ਐਸਾ ਕਰ ਸਕਦੇ ਹਨ, ਸੋ ਕ੍ਰਿਪਾ ਕਰਕੇ ਐਸੇ ਗ੍ਰੰਥੀਆਂ ਨੂੰ ਪੈਦਾ ਕਰੋ, ਨਹੀਂ ਤਾਂ ਸਿਖੀ ਦੀਆਂ ਮਰਿਯਾਦਾਂ ਜੋ ਬਹੁਤ ਕਰਕੇ ਅੱਗੇ ਹੀ ਵਿਗੜ ਚੁਕੀਆਂ ਹਨ, ਰਹਿੰਦੀਆਂ ਖੂੰਹਦੀਆਂ ਬੀ ਵਿਗੜ ਜਾਣਗੀਆਂ।

**-ਅਮਰ ਲੇਖ, ਭਾਗ-1**

ਸਿੱਖ ਇਤਿਹਾਸ ਦੇ ਖੇਤਰ 'ਚ ਸ. ਕਰਮ ਸਿੰਘ ਹਿਸਟੋਰੀਅਨ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਇਤਿਹਾਸਿਕ ਪਿੰਡ ਝਬਾਲ 'ਚ 18 ਮਾਰਚ, 1884 ਈ. ਨੂੰ ਸ. ਝੰਡਾ ਸਿੰਘ ਦੇ ਘਰ ਮਾਈ ਬਿਸ਼ਨ ਕੌਰ ਦੀ ਕੁੱਖੋਂ ਜਨਮੇ ਕਰਮ ਸਿੰਘ ਦਾ ਮੁੱਢਲਾ ਨਾਓਂ ਮਹਿਰਾਜ ਸਿੰਘ ਸੀ। ਸੰਤ ਅਤਰ ਸਿੰਘ ਜੀ ਨੇ ਆਪ ਨੂੰ ਅੰਮ੍ਰਿਤ ਛਕਾ ਕੇ ਕਰਮ ਸਿੰਘ ਨਾਓਂ ਦੀ ਬਖਸ਼ਿਸ਼ ਕੀਤੀ। ਮੁੱਢੋਂ ਲਗਨ ਇਤਿਹਾਸ ਵਲ ਹੋਣ ਕਾਰਨ ਤੇ ਇਤਿਹਾਸਿਕ ਖੋਜ ਬਿਰਤੀ ਸਦਕਾ 'ਹਿਸਟੋਰੀਅਨ' ਸ਼ਬਦ ਆਪ ਦੇ ਨਾਂ ਨਾਲ ਸਦਾ ਲਈ ਜੁੜ ਗਿਆ। ਇਤਿਹਾਸਿਕ ਖੋਜ ਦੀ ਇਹ ਲਗਨ ਇੰਨੀ ਪ੍ਰਬਲ ਸੀ ਕਿ ਸਕੂਲੀ ਪੜ੍ਹਾਈ ਨੂੰ ਵਿੱਚੇ ਛੱਡ ਖੋਜ ਬਾਬਤ ਸਮੱਗਰੀ ਦੀ ਭਾਲ 'ਚ ਆਪ ਥਾਉਂ-ਥਾਈਂ ਹੋ ਤੁਰੇ। ਇਸੇ ਖੋਜ-ਭਾਲ ਦਾ ਨਤੀਜਾ ਸੀ ਅਨੇਕਾਂ ਮੁੱਲਵਾਨ ਇਤਿਹਾਸਿਕ ਕ੍ਰਿਤੀਆਂ ਦੀ ਸਿਰਜਣਾ ਜਿਨ੍ਹਾਂ ਵਿੱਚੋਂ ਹਾਲੇ ਵੀ ਕੁਝ ਅਣ-ਪ੍ਰਕਾਸ਼ਿਤ ਹਨ। ਹੱਥਲੇ ਲੇਖ 'ਚ ਉੱਘੇ ਸਿੱਖ ਵਿਦਵਾਨ ਤੇ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸ ਖੋਜ ਰੁਚੀ ਬਾਬਤ ਲਿਖਦਿਆਂ ਆਉਂਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਇਤਿਹਾਸਿਕ ਫ਼ਰਜ਼ਾਂ ਪ੍ਰਤੀ ਚੇਤੰਨ ਕਰਾਇਆ ਹੈ ਜੋ ਕਿ ਅੱਜ ਦੇ ਸਮੇਂ ਦੀ ਮੁੱਖ ਲੋੜ ਵੀ ਹੈ। ਪ੍ਰਸਤੁਤ ਲੇਖ ਗਿਆਨੀ ਹੀਰਾ ਸਿੰਘ 'ਦਰਦ' ਦੁਆਰਾ ਸੰਪਾਦਿਤ 'ਫੁਲਵਾੜੀ' ਮੈਗਜ਼ੀਨ ਦੇ ਸ. ਕਰਮ ਸਿੰਘ ਵਿਸ਼ੇਸ਼ ਅੰਕ (ਅਕਤੂਬਰ-ਨਵੰਬਰ, 1930) 'ਚੋਂ ਲਿਆ ਗਿਆ ਹੈ।

# ਸਿੱਖ ਇਤਿਹਾਸ, ਸ. ਕਰਮ ਸਿੰਘ ਤੇ ਸਾਡਾ ਫ਼ਰਜ਼

ਸਰਦਾਰ ਗੰਡਾ ਸਿੰਘ ਜੀ 'ਕੇਵਲ', ਅਬਾਦਾਨ, ਈਰਾਨ

ਸਿੱਖ ਇਤਿਹਾਸ ਜਿਸ ਤਰਸਯੋਗ ਦਸ਼ਾ ਵਿਚ ਹੈ, ਆਪਣੀ ਕੌਮ ਤੇ ਧਰਮ ਲਈ ਪਿਆਰ ਤੇ ਦਰਦ ਰੱਖਣ ਵਾਲਾ ਕਿਹੜਾ ਸਿੱਖ ਹਿਰਦਾ ਹੈ ਜੋ ਇਸ ਨੂੰ ਮ੍ਹਸੂਸ ਨਹੀਂ ਕਰ ਰਿਹਾ? ਉਹ ਕਿਹੜਾ ਪੱਥਰ ਦਿਲ ਹੈ ਜੋ ਦਿਨੋਂ ਦਿਨ ਆਪਣੇ ਬਜ਼ੁਰਗ ਧਰਮਾਤਮਾਂ, ਯੋਧਿਆਂ ਤੇ ਸੂਰਬੀਰ ਮਹਾਤਮਾਵਾਂ ਦੇ ਸੋਨੇ ਦੇ ਅੱਖਰਾਂ ਵਿਚ ਲਿਖਣਯੋਗ ਕਾਰਨਾਮਿਆਂ ਦੇ ਸੱਚੇ ਤੇ ਸੁੱਚੇ ਹਾਲਾਂ ਨੂੰ ਭੁਲਦੇ ਤੇ ਭੁਲਾਏ, ਮਿਟਦੇ ਤੇ ਮਿਟਾਏ ਅਤੇ ਕਮੀਨੇ ਮਨਸੂਬਿਆਂ ਨਾਲ ਤਬਾਹ ਕੀਤੇ ਜਾ ਰਹੇ ਵੇਖ ਕੇ ਨਹੀਂ ਪੰਘਰਦਾ? ਇਹ ਕਿਸ ਨੂੰ ਸਪਸ਼ਟ ਨਹੀਂ ਭਾਸ ਰਿਹਾ ਕਿ ਸਾਡੇ ਇਤਿਹਾਸ ਦੇ ਭੁਲਦੇ ਤੇ ਮਿਟਦੇ ਜਾਣ ਦੇ ਨਾਲੋਂ ਨਾਲ ਅਸੀਂ ਭੀ ਮਿਟਦੇ ਜਾ ਰਹੇ ਹਾਂ ? ਕੀ ਅਸੀਂ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਛਾਤੀ ਤੇ ਹੱਥ ਰੱਖ ਕੇ ਇਹ ਕਹਿਣ ਦਾ ਹੌਸਲਾ ਕਰ ਸਕਦੇ ਹਾਂ ਕਿ ਸਾਡੇ ਵਿਚ ਆਪਣੇ ਬਜ਼ੁਰਗਾਂ ਵਾਂਙੂ ਧਰਮ ਲਈ ਪਿਆਰ, ਪੰਥ ਦੀ ਆਨ ਸ਼ਾਨ ਲਈ ਮਰ ਮਿਟਣ ਵਾਲੀ ਸਪਿਰਿਟ, ਤੇ ਗੁਰ-ਭਾਈਆਂ ਦੀ ਸਾਂਝੀ ਸੇਵਾ ਲਈ ਕੁਰਬਾਨੀ ਦਾ ਮਾਦਾ ਕਾਇਮ ਹੈ? ਇਸ ਦੇ ਜਵਾਬ ਵਿਚ ਸਾਨੂੰ ਸ਼ਰਮ ਤੇ ਨਿਰਾਸਤਾ ਨਾਲ ਗਰਦਨ ਨੀਵੀਂ ਕਰਨੀ ਪੈਂਦੀ ਹੈ। ਲੋਕਾਂ ਦੇ ਇਸ਼ਾਰੇ ਤੇ ਲਗ ਕੇ ਆਪਣੇ ਸਕੇ ਗੁਰ-ਭਾਈਆਂ ਦਾ ਖ਼ੂਨ ਪੀਣ ਨੂੰ ਤਾਂ ਅਸੀਂ ਸ਼ੇਰ ਹੋ ਜਾਂਦੇ ਹਾਂ ਪਰ ਕੀ ਮਜਾਲ ਕਿ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਬਜ਼ੁਰਗਾਂ ਦੀ ਦਿਨ-ਦਿਹਾੜੇ ਹੁੰਦੀ ਬੇਇੱਜ਼ਤੀ ਨੂੰ ਵੇਖ ਕੇ ਟੱਸ ਤੋਂ ਮੱਸ ਭੀ ਕਰੀਏ! ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਲਾਡਲੇ ਪੁੱਤਰ ਤੇ ਸਾਡੇ ਜਿਗਰ ਦੇ ਟੁਕੜੇ ਗੁਮਰਾਹ ਕੀਤੇ ਜਾ ਚੁੱਕੇ ਤੇ ਜਾ ਰਹੇ ਹਨ, ਪਰ ਹਾਏ! ਸਾਡੀਆਂ ਅੱਖੀਆਂ ਤੋਂ ਆਪਾ-ਧਾਪੀ ਦੀ ਪੱਟੀ ਨਹੀਂ ਖੁੱਲ੍ਹਦੀ। ਇਸਦਾ ਕਾਰਨ ਕੀ ਹੈ? ਕੇਵਲ ਇਹ, ਕਿ ਅਸੀਂ ਆਪਣਾ ਇਤਿਹਾਸ ਭੁੱਲ ਚੁੱਕੇ ਹਾਂ ਤੇ ਸਾਡੇ ਦਿਲ ਵਿਚ ਸਿੱਖੀ ਲਈ ਪ੍ਰੇਮ ਉੱਡ ਰਿਹਾ ਹੈ। ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਸਾਹਿਬਜ਼ਾਦਿਆਂ ਦੀਆਂ ਸਾਡੇ ਲਈ ਅਦੁੱਤੀ ਕੁਰਬਾਨੀਆਂ, ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਦੀਆਂ ਦਰਦਨਾਕ ਸ਼ਹੀਦੀਆਂ, ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦੁਰ ਦੇ ਬਹਾਦੁਰਾਨਾ ਕਾਰਨਾਮੇ, ਸਰਦਾਰ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦੀਆਂ ਪੰਥ ਲਈ ਮੁਰਦਿਆਂ ਵਿਚ ਜਾਨ ਪਾ ਦੇਣ ਵਾਲੀਆਂ ਘਾਲਾਂ, ਮੀਰ ਮਨੂੰ ਤੇ ਵੱਡੇ ਅਤੇ ਛੋਟੇ ਘਲੂਘਾਰਿਆਂ ਵੇਲੇ ਖਾਲਸਾ ਜੀ ਦੇ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੇ ਸਾਕੇ, ਅਹਿਮਦ ਸ਼ਾਹ ਅਬਦਾਲੀ ਨਾਲ ਮੂੰਹ ਭੁਵਾ ਦੇਣ ਵਾਲੇ ਟਾਕਰੇ, ਹਰਿਆਣੇ ਦੇ (ਪੁਰਾਣੇ) ਇਲਾਕੇ, ਜਮਨਾ ਪਾਰ ਤੇ ਰਾਜਪੂਤਾਨੇ ਵਲ ਸਿੱਖਾਂ ਦੀਆਂ ਮਾਰਾਂ ਤੇ ਮੱਲਾਂ, ਦਿੱਲੀ ਦੀ ਫ਼ਤਹਿ, ਮਿਸਲਾਂ ਤੇ ਸਿੱਖ ਰਾਜ ਦੀ ਕਾਇਮੀ ਅਤੇ ਧਰਮਾਤਮਾ ਤੇ ਸੂਰਬੀਰ ਮਹਾਰਾਜਾ ਰਣਜੀਤ ਸਿੰਘ ਦੇ ਨਿੱਤ-ਨਵਾਂ ਉਤਸ਼ਾਹ ਦੇਣ ਵਾਲੇ ਹਾਲ ਜਦ ਆਪਣੀ ਸੱਚੀ ਤੇ ਸੁੱਚੀ ਹਾਲਤ ਵਿਚ ਸਾਡੇ ਸਾਹਮਣੇ ਨਹੀਂ ਤਾਂ ਸਾਡੇ ਦਿਲਾਂ ਵਿਚ ਸਿੱਖ ਬਜ਼ੁਰਗਾਂ ਦੀ ਇੱਜ਼ਤ ਤੇ ਉਨ੍ਹਾਂ ਦੇ ਪੂਰਨਿਆਂ ਤੇ ਚਲਣ ਲਈ ਵਲਵਲੇ ਕਿੱਥੋਂ ਪੈਦਾ ਹੋ ਸਕਦੇ ਹਨ? ਜਦ ਸਾਨੂੰ ਆਪਣੇ ਵਡਿਆਂ ਦੇ ਕਾਰਨਾਮੇ ਪਤਾ ਹੀ ਨਹੀਂ ਤਾਂ ਪੈਰ੍ਹਵੀ ਕਿਸ ਦੀ ਕਰੀਏ? ਪਤਾ ਭੀ ਤੇ ਤਾਂ ਲੱਗੇ ਜੇ ਸਾਡੇ ਸਾਹਮਣੇ ਉਨ੍ਹਾਂ ਦਾ ਇਕ ਲੜੀ ਵਿਚ ਪਰੋਤਾ ਹੋਇਆ ਸੱਚਾ ਇਤਿਹਾਸ ਹੋਵੇ।

ਭਾਵੇਂ ਇਸ ਵਿਚ ਵੀ ਬਹੁਤ ਸਾਰੀ ਪੜਤਾਲ, ਪੜਚੋਲ ਤੇ ਵਿਸਥਾਰ ਦੀ ਲੋੜ ਹੈ, ਪਰ ਤਾਂ ਭੀ ਸਤਿਗੁਰਾਂ ਦੇ ਜ਼ਮਾਨੇ ਦਾ ਕੁਝ ਨਾ ਕੁਝ ਹਾਲ ਜਨਮ ਸਾਖੀਆਂ ਅਤੇ ਇਤਿਹਾਸਾਂ ਵਿੱਚੋਂ ਮਿਲ ਹੀ ਜਾਂਦਾ ਹੈ। ਪਰ ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸਿਕ ਵਰਕਾ ਤਾਂ ਉੱਕਾ ਹੀ ਕੋਰਾ ਹੈ। ਕੋਰਾ ਇਸ ਲਈ ਨਹੀਂ ਕਿ ਉਸ ਵੇਲੇ ਕੋਈ ਇਤਿਹਾਸਿਕ ਗੱਲ ਨਹੀਂ ਹੋਈ, ਬਲਕਿ ਇਸ ਲਈ ਕਿ ਉਸ ਵੇਲੇ ਦਾ ਸਿੱਖ ਪਹਿਲੂ ਤੋਂ ਇਕ ਲੜੀ ਵਿਚ ਪਰੋਤਾ ਹੋਇਆ ਸੱਚਾ ਤੇ ਪੂਰਾ-ਪੂਰਾ ਇਤਿਹਾਸ ਨਹੀਂ ਮਿਲਦਾ।

ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਪਚਾਸੀ-ਨਵੇ ਸਾਲ ਉਹ ਸਮਾਂ ਹੈ ਜਦ ਕਿ ਸਿੱਖਾਂ ਪੁਰ ਹਰ ਪਾਸਿਓਂ ਜ਼ੁਲਮ ਦੇ ਪਹਾੜ ਟੁੱਟ ਰਹੇ ਸਨ। ਵੇਲੇ ਦੀ ਹਕੂਮਤ ਉਨ੍ਹਾਂ ਨੂੰ ਤਬਾਹ ਕਰਨ ਉੱਤੇ ਆਪਣਾ ਸਾਰਾ ਜ਼ੋਰ ਲਾ ਰਹੀ ਸੀ। ਸਿੱਖ ਦਾ ਸਿੱਖ ਹੋਣਾ ਹੀ ਉਸ ਨੂੰ ਮੌਤ ਦੀ ਸਜ਼ਾ ਦਾ ਭਾਗੀ ਬਣਾਉਂਦਾ ਸੀ। ਪਰ ਸਦਕੇ ਜਾਈਏ ਉਨ੍ਹਾਂ ਮਹਾਨ ਆਤਮਾਂ ਸੂਰਬੀਰਾਂ ਦੇ, ਸੌ-ਸੌ ਵਾਰ ਮਸਤਕ ਲਾਈਏ ਉਨ੍ਹਾਂ ਧਰਮੀਆਂ ਦੀ ਪਵਿੱਤ੍ਰ ਚਰਨ ਧੂੜ, ਜਿਨ੍ਹਾਂ ਉਸ ਬਿਖੜੇ ਜ਼ਮਾਨੇ 'ਚ ਸਿੱਖ ਫੁਲਵਾੜੀ ਨੂੰ ਸਿੰਜਣ ਤੇ ਹਰਾ-ਭਰਾ ਰੱਖਣ ਲਈ ਆਪਣੇ ਪਵਿੱਤ੍ਰ

ਖ਼ੂਨ ਦੀਆਂ ਨਦੀਆਂ ਵਗਾ ਦਿੱਤੀਆਂ, ਖਿੜੇ ਮੱਥੇ ਹਸੂੰ ਹਸੂੰ ਕਰਦੇ ਸਤਿ ਸ੍ਰੀ ਅਕਾਲ ਕਹਿ ਕੇ ਚਰਖੜੀਆਂ ਪਰ ਚੜ੍ਹ ਗਏ, ਜੀਂਦੇ-ਜੀ ਬੰਦ-ਬੰਦ ਕਟਵਾ ਲਏ, ਤੇ ਰੰਬੀਆਂ ਨਾਲ ਖੋਪਰੀਆਂ ਉਤਰਵਾ ਲਈਆਂ, ਪਰ ਸੀ ਨਹੀਂ ਕੀਤੀ ਤੇ ਸਿੱਖੀ ਸਿਦਕ ਕੇਸਾਂ ਤੇ ਸੁਆਸਾਂ ਨਾਲ ਨਿਬਾਹ ਕੇ ਦੱਸ ਗਏ। ਇਨ੍ਹਾਂ ਪਚਾਸੀ-ਨਵੇ ਸਾਲਾਂ ਵਿਚ ਹੀ ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦੁਰ ਦੀ ਪੰਜਾਬ ਵਲ ਚੜ੍ਹਾਈ, ਮੁਗ਼ਲ ਸੂਬਿਆਂ ਨਾਲ ਜੰਗੀ ਟਾਕਰੇ ਤੇ ਦਿੱਲੀ ਵਿਚ ਸ਼ਹੀਦੀ, ਮੀਰ ਮਨੂੰ ਵੱਲੋਂ ਸਿੱਖਾਂ ਦਾ ਕਤਲੇ-ਆਮ, ਸਿੱਖਾਂ ਦਾ ਜੰਗਲੀ ਪਹਾੜੀ ਚੜ੍ਹ ਜਾਣਾ, ਉਨ੍ਹਾਂ ਨੂੰ ਮੇਟਣ ਲਈ ਹੈਦਰੀ ਝੰਡਾ ਖੜ੍ਹਾ ਹੋਣਾ, ਗਸ਼ਤੀ ਫ਼ੌਜ ਦੀ ਚੜ੍ਹਾਈ ਤੇ ਸਿੱਖਾਂ ਪਰ ਅਕਹਿ ਤੇ ਅਸਹਿ ਜ਼ੁਲਮ, ਦੀਵਾਨ ਲਖਪਤ ਰਾਏ ਆਦਿ ਦੀ ਤੱਦੀ, ਦੋਹਾਂ ਘਲੂਘਾਰਿਆਂ ਦੇ ਸਾਕੇ, ਜਮਨਾ ਪਾਰ ਤੇ ਬੀਕਾਨੇਰ ਵਲ ਸਿੱਖਾਂ ਦੀਆਂ ਮਾਰਾਂ, ਅਹਿਮਦ ਸ਼ਾਹ ਅਬਦਾਲੀ ਦਾ ਕਾਫ਼ੀਆ ਤੰਗ ਕਰਨਾ, ਜਾਰਜ ਥਾਮਸ ਨੂੰ ਮੂੰਹ-ਤੋੜਵੀਂ ਹਾਰ, ਮਿਸਲਾਂ ਦੀ ਬਣਤਰ ਤੇ ਸਿੱਖ ਰਾਜ ਦੀ ਕਾਇਮੀ ਆਦਿ ਉਹ ਅਦੁੱਤੀ ਇਤਿਹਾਸਿਕ ਗੱਲਾਂ ਹਨ ਜਿਨ੍ਹਾਂ ਦੀ ਮਿਸਾਲ ਦੁਨੀਆ ਵਿਚ ਹੋਰ ਕਿਧਰੇ ਨਹੀਂ ਦਿਸਦੀ। ਇਨ੍ਹਾਂ ਦਿਨਾਂ ਦਾ ਇਕ-ਇਕ ਸਾਕਾ ਸੋਨੇ ਦੇ ਅੱਖਰਾਂ ਨਾਲ ਲਿਖਣ ਵਾਲਾ ਹੈ।

ਕੌਮ ਦੀ ਅਣਗਹਿਲੀ ਨਾਲ ਇਨ੍ਹਾਂ ਬਹੁਮੁੱਲੇ ਇਤਿਹਾਸਿਕ ਮੋਤੀਆਂ ਨੂੰ ਦਿਨੋਂ ਦਿਨ ਰੁਲਦੇ ਜਾ ਰਹੇ ਦੇਖ ਕੇ ਅੱਜ ਤੋਂ 25-30 ਸਾਲ ਪਹਿਲਾਂ, ਵੀਹਵੀਂ ਸਦੀ ਦੇ ਚੜ੍ਹਾ ਨਾਲ, ਜਦ ਕਿ ਸਿੱਖ ਕੌਮ ਨੂੰ ਲੰਮੀਆਂ ਤਾਣ ਕੇ ਘੂਕ ਸੁੱਤੀ ਹੋਈ ਦੇਖ ਇਨ੍ਹਾਂ ਦੇ ਚਾਲਾਕ ਦੋਖੀ, ਸਿੱਖ ਇਤਿਹਾਸ ਨੂੰ ਖਲਤ-ਮਲਤ ਕਰਕੇ ਸਦਾ ਲਈ ਤਬਾਹ ਕਰ ਛੱਡਣ ਦੇ ਮਨਸੂਬੇ ਬਣਾ ਰਹੇ ਸਨ, ਮਰਦਮਖੇਜ਼ ਧਰਤੀ ਝਭਾਲ ਦੇ ਇਕ ਸਿੱਖ ਨੌਜਵਾਨ ਦੇ ਦਿਲ ਵਿਚ ਪੰਥ ਦੀ ਇਸ ਅਦੁੱਤੀ ਸੇਵਾ ਲਈ ਵਲਵਲੇ ਪੈਦਾ ਹੋ ਰਹੇ ਸਨ। ਉਸ ਦੇ ਕੌਮੀ ਪ੍ਰੇਮ ਨੇ ਉਛਾਲਾ ਮਾਰਿਆ ਤੇ ਉਸ ਨੇ ਇਕ-ਦਮ ਇਸ ਪ੍ਰੇਮ-ਸੇਵਾ ਲਈ ਆਪਣਾ ਜੀਵਨ ਅਰਪਨ ਕਰ ਦੇਣ ਦਾ ਪੱਕਾ ਇਰਾਦਾ ਧਾਰ ਲਿਆ ਤੇ ਆਪਣੇ ਕਰਮ ਸਿੰਘ ਨਾਮ ਨੂੰ ਆਪਣੇ ਕਰਮਾਂ ਨਾਲ ਪਾਲ ਕੇ ਦੱਸ ਦਿੱਤਾ।

ਸਰਦਾਰ ਕਰਮ ਸਿੰਘ ਸੱਚਮੁੱਚ ਓਹ ਸੱਚਾ ਤੇ ਸੁੱਚਾ ਬੰਦਾ ਸੀ, ਕਿ ਜੋ ਕਰਮ ਉਸਦੇ ਦਿਲ ਵਿਚ ਉਪਜਦਾ, ਓਹੀ ਕਰਮ ਹਰ ਵੇਲੇ ਉਸ ਦੀ ਜ਼ਬਾਨ ਤੇ ਹੁੰਦਾ ਤੇ ਓਸੇ ਕਰਮ ਨੂੰ ਅਮਲ ਵਿਚ ਲਿਆਉਣ ਲਈ ਕਰਮ ਕਰਦਾ ਸੀ। ਬੱਸ ਫੇਰ ਕੀ ਆਪਣੇ ਸਾਰੇ ਸਵਾਰਥਾਂ ਤੋਂ ਮੂੰਹ ਮੋੜ ਕੇ ਕਾਲਜ ਦੀ ਪੜ੍ਹਾਈ ਨੂੰ ਛੱਡ ਦਿੱਤਾ ਤੇ ਸਿੱਖ ਇਤਿਹਾਸ ਦੀ ਖੋਜ ਲਈ ਕਮਰਕੱਸੇ ਕਰ ਕੇ ਆ ਮੋਰਚਾ ਲਾਇਆ। ਚੀਫ਼ ਖਾਲਸਾ ਦੀਵਾਨ ਨੇ ਉਨ੍ਹਾਂ ਦੇ ਉਤਸ਼ਾਹ ਨੂੰ ਦੇਖ ਕੇ ਕੁਝ ਸਹਾਇਤਾ ਦਾ ਭਰੋਸਾ ਦਿੱਤਾ ਤੇ ਸਰਦਾਰ ਹੋਰੀਂ ਇਸ ਕੰਮ ਵਿਚ ਹੱਥ ਧੋ ਕੇ ਜੁੱਟ ਪਏ। ਲੇਖਕ ਨੂੰ ਉਨ੍ਹਾਂ ਦੀਆਂ ਆਰੰਭਕ ਘਾਲਾਂ ਦਾ ਜ਼ਿਆਦਾ ਪਤਾ ਨਹੀਂ ਇਸ ਕਰਕੇ ਇਨ੍ਹਾਂ ਸੰਬੰਧੀ ਵਿਸਥਾਰ ਨਾਲ ਲਿਖਣੋਂ ਅਸਮੱਥ ਹੈ। ਪਰ ਹਾਂ, ਉਨ੍ਹਾਂ ਦੀ ਲਗਨ ਇਤਨੀ ਡਾਢੀ ਸੀ ਕਿ ਜਿੱਥੇ ਕਿਧਰੇ ਭੀ ਸਿੱਖ ਇਤਿਹਾਸ ਸੰਬੰਧੀ ਕਿਸੇ ਨਾ-ਮਲੂਮ ਪੁਸਤਕ ਜਾਂ ਲਿਖਤੀ ਖਰੜੇ ਦਾ ਪਤਾ ਲਗਦਾ, ਗਰਮੀ ਦੀਆਂ ਸੜਦੀਆਂ ਧੁੱਪਾਂ, ਸਿਆਲ ਦੇ ਪਾਲ਼ੇ ਤੇ ਬਰਸਾਤ ਦੀ ਪਰਵਾਹ ਨਾ ਕਰਦੇ ਹੋਏ ਭੁੱਖੇ ਤਿਹਾਏ ਹੀ ਵੀਹ-ਵੀਹ ਪੰਝੀ-ਪੰਝੀ ਮੀਲ ਦੀ ਮੰਜ਼ਲ ਮਾਰਦੇ ਤੇ ਹਰ ਮੁਮਕਿਨ ਢੰਗ ਮਿੰਨਤ-ਸਮਾਜਤ ਯਾ ਮਾਇਆ ਨਾਲ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਤੇ ਜੇ ਚਾਰੇ ਬੰਨੇ ਹੋਰ ਕੋਈ ਭੀ ਚਾਰਾ ਨਾ ਚਲਦਾ ਤਾਂ ਓਥੇ ਨਕਲ ਕਰਨ ਲਈ ਹੀ ਬੈਠ ਜਾਂਦੇ। ਇਸ ਪ੍ਰਕਾਰ ਉਨ੍ਹਾਂ ਦੇਸ-ਪ੍ਰਦੇਸ ਫਿਰ ਕੇ ਅਮੋਲਕ ਮਸਾਲਾ ਇਕੱਠਾ ਕੀਤਾ ਤੇ ਉਸ ਨੂੰ ਬੜੇ ਗੌਹ ਨਾਲ ਵਾਚਿਆ ਤੇ ਵੀਚਾਰਿਆ। ਅਜੇ ਆਪਣੀ ਸਾਰੀ ਜ਼ਿੰਦਗੀ ਦੀ ਮਿਹਨਤ ਦੇ ਸਿੱਟੇ ਨੂੰ ਤਰਤੀਬ ਦੇ ਕੇ ਲਿਖਣਾ ਆਰੰਭ ਕਰਨ ਦੇ ਯਤਨਾਂ ਵਿਚ ਹੀ ਸਨ ਕਿ ਉਨ੍ਹਾਂ ਦੀ ਪੰਦਰ੍ਹਾਂ-ਪੰਦਰ੍ਹਾਂ ਸੋਲ੍ਹਾਂ-ਸੋਲ੍ਹਾਂ ਘੰਟੇ ਰੋਜ਼ ਦੀ ਕਰੜੀ ਮਿਹਨਤ ਦੇ ਕਾਰਨ ਖ਼ਰਾਬ ਹੋ ਰਹੀ ਸਿਹਤ ਨੇ ਜਵਾਬ ਦੇ ਦਿੱਤਾ ਤੇ ਆਪ ਇਸ ਸਾਲਾਂ-ਬੱਧੀ ਸਿੱਖ ਇਤਿਹਾਸਿਕ ਸੇਵਾ ਦੇ ਫਲ ਨੂੰ, ਜਿਸ ਦੀ ਖ਼ਾਤਰ ਆਪ ਨੇ ਆਪਣਾ ਸਾਰਾ ਜੀਵਨ ਅਰਪਣ ਕਰ ਦਿੱਤਾ ਸੀ, ਪੂਰਾ ਹੋਇਆ ਦੇਖਣ ਤੋਂ ਬਿਨਾਂ ਹੀ 10 ਸਤੰਬਰ, 1930 ਨੂੰ ਅਕਾਲ ਚਲਾਣਾ ਕਰ ਗਏ ਤੇ ਇਹ ਮਹਾਨ ਕਾਰਜ ਵਿੱਚੇ ਹੀ ਅਧੂਰਾ ਰਹਿ ਗਿਆ।

ਸੱਚਮੁੱਚ ਸਰਦਾਰ ਕਰਮ ਸਿੰਘ ਜੀ ਦੀ ਮੌਤ ਨਾਲ ਸਿੱਖ ਇਤਿਹਾਸ ਦਾ ਇਕ ਓਹ ਬਹੁਮੁੱਲਾ ਖ਼ਜ਼ਾਨਾ ਲੁੱਟਿਆ ਗਿਆ ਹੈ ਜਿਸ ਦਾ ਮੁੜ ਪ੍ਰਾਪਤ ਹੋਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਪਰ ਕੀ ਹੁਣ ਅਸੀਂ ਢੇਰੀ ਢਾਹ ਕੇ ਚੁਪ ਬੈਠ ਜਾਈਏ? ਕੀ ਉਸ ਨਿਰਮਾਣ ਪੰਥ ਸੇਵਕ ਦੀਆਂ ਕਠਿਨ ਘਾਲਾਂ ਤੇ ਕਰੜੀਆਂ ਮਿਹਨਤਾਂ ਭੰਗ ਦੇ ਭਾੜੇ ਵਿਅਰਥ ਹੀ ਚਲੀਆਂ ਜਾਣਗੀਆਂ? ਕੀ ਅਸੀਂ ਉਸ ਦੀ ਜ਼ਿੰਦਗੀ ਭਰ ਦੀ ਕਮਾਈ ਨੂੰ ਅਜਾਈਂ ਗਵਾ ਦਿਆਂਗੇ ਤੇ ਉਸ ਦੇ ਸਿੱਖ ਇਤਿਹਾਸਿਕ ਮਿਸ਼ਨ ਨੂੰ ਪੂਰਾ ਕਰਨ ਲਈ ਕੋਈ ਮੈਦਾਨ ਵਿਚ ਨਹੀਂ ਉਤਰੇਗਾ? ਕੀ ਸਾਡੇ ਸੂਰਬੀਰਾਂ ਤੇ ਧਰਮਾਤਮਾਂ ਬਜ਼ੁਰਗਾਂ ਦਾ ਇਤਿਹਾਸ ਸਾਰੀ ਅਣਗਹਿਲੀ ਦੇ ਕਾਰਨ ਅਣ-ਲਿਖਿਆ ਹੀ ਰਹਿ ਕੇ ਇਹ ਬਹੁਮੁੱਲੇ ਹੀਰੇ-ਮੋਤੀ ਮਿੱਟੀ ਵਿਚ ਰੁਲ ਜਾਣਗੇ? ਬਦਕਿਸਮਤੀ ਨੂੰ ਜੇ ਕਿਧਰੇ ਇਸ ਦੀ ਭੀ ਸਾਡੇ ਹੋਰ ਧਾਰਮਕ ਕੰਮਾਂ ਵਾਂਙੂ ਇਹ ਹੀ ਦੁਰਦਸ਼ਾ ਹੋਈ ਤਾਂ ਕੀ ਸਾਡੇ ਲਈ ਸ਼ਰਮ ਤੇ ਅਫ਼ਸੋਸ ਨਾਲ ਡੁੱਬ ਮਰਨ ਦਾ ਮੁਕਾਮ ਨਹੀਂ ਹੋਵੇਗਾ? ਯਾਦ ਰਹੇ ਕਿ ਇਤਿਹਾਸ ਹੀ ਕੌਮਾਂ ਦੀ ਜਿੰਦ ਜਾਨ ਹੈ। ਇਤਿਹਾਸ ਹੀ ਕੌਮ ਨੂੰ ਬਣਾਉਂਦਾ ਹੈ ਤੇ ਇਤਿਹਾਸ ਦੇ ਮਿਟ ਜਾਣ ਦੇ ਨਾਲ ਹੀ ਕੌਮਾਂ ਭੀ ਮਿਟ ਜਾਇਆ ਕਰਦੀਆਂ ਹਨ, ਜਿਸ ਦਾ ਕੁਝ ਕੁ ਅੰਦਾਜ਼ਾ ਅਸੀਂ ਆਪਣੀ ਅੱਜ ਕੱਲ੍ਹ ਦੀ ਅਧੋਗਤੀ ਤੋਂ ਹੀ ਲਗਾ ਸਕਦੇ ਹਾਂ। ਤਾਂਤੇ ਜੇ ਅਸੀਂ ਜ਼ਿੰਦਾ ਰਹਿਣਾ ਚਾਹੁੰਦੇ ਹਾਂ, ਜੇ ਸਾਡੇ ਦਿਲ ਵਿਚ ਆਪਣੇ ਬਜ਼ੁਰਗਾਂ ਲਈ ਕੁਝ ਇੱਜ਼ਤ ਤੇ ਪ੍ਰੇਮ ਹੈ, ਜੇ ਸਾਡੇ ਅੰਦਰ ਉਨ੍ਹਾਂ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਗ਼ੈਰਤ ਦਾ ਮਾਦਾ ਹੈ ਤੇ ਜੇ ਹਾਲੇ ਤਕ ਸਾਡੇ ਵਿਚ ਕੁਝ ਭੀ ਸਿੱਖੀ ਅਣਖ ਹੈ ਤਾਂ ਭਾਵੇਂ ਅਸੀਂ ਸੰਸਾਰਿਕ ਰੁਝੇਵਿਆਂ ਜਾਂ ਆਪਣੀ ਵਧ ਰਹੀ ਢਿੱਲੜਤਾਈ ਦੇ ਕਾਰਨ ਕਿਤਨੀ ਭੀ ਚੂੰ ਚਰਾਂ ਯਾ ਬਹਾਨੇ ਕਰੀਏ; ਸਾਨੂੰ ਜ਼ਰੂਰ ਮੈਦਾਨ ਵਿਚ ਨਿੱਤਰਨਾ ਹੀ ਪਏਗਾ, ਤੇ ਜਦ ਤਕ ਇਹ ਕੰਮ ਸਿਰੇ ਨਹੀਂ ਚੜ੍ਹ ਜਾਂਦਾ, ਇਕ ਨਹੀਂ ਕਈ ਜੀਵਨ ਅਰਪਣ ਕਰਨੇ ਪੈਣਗੇ। ਇਹ ਸਾਡਾ ਮੁੱਖ ਉਦੇਸ਼ ਤੇ ਸਭ ਤੋਂ ਵੱਡਾ ਫ਼ਰਜ਼ ਹੈ।

ਇਸ ਮਹਾਨ ਕਾਰਜ ਨੂੰ ਭਲੀ ਪ੍ਰਕਾਰ ਨਿਭਾਉਣ ਲਈ ਸਾਨੂੰ ਸਭ ਤੋਂ ਪਹਿਲਾਂ ਸਰਦਾਰ ਕਰਮ ਸਿੰਘ ਜੀ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਕਾਇਮ ਕੀਤੀ ਹੋਈ ਸਿੱਖ ਇਤਿਹਾਸਿਕ ਸੋਸਾਇਟੀ (Sikh Historical Society) ਨੂੰ ਪੱਕਿਆਂ ਪੈਰਾਂ ਤੇ ਖੜ੍ਹਾ ਕਰਨਾ ਲੋੜੀਂਦਾ ਹੈ। ਇਸ ਦੇ ਮੈਂਬਰਾਂ ਦੀ ਗਿਣਤੀ ਹਜ਼ਾਰਾਂ ਨਹੀਂ ਲੱਖਾਂ ਤਕ ਪੁੱਜ ਜਾਣੀ ਤੇ ਇਸ ਦਾ ਖ਼ਜ਼ਾਨਾ ਡਕਾ ਡਕ ਭਰਪੂਰ ਹੋ ਜਾਣਾ ਚਾਹੀਦਾ ਹੈ। ਉਹ ਕਿਹੜਾ ਸਿੱਖ ਹੋਵੇਗਾ ਜਿਸ ਨੂੰ ਇਸ ਦੇ ਮਨੋਰਥ "ਸਿੱਖ ਇਤਿਹਾਸ ਦੀ ਖੋਜ ਕਰਨੀ, ਉਸ ਨੂੰ ਸੋਧਣਾ ਤੇ ਮੁੰਕਮਲ ਕਰਨਾ" ਨਾਲ ਮਤਭੇਦ ਹੋ ਸਕਦਾ ਹੈ? ਤਾਂ ਫਿਰ ਕੋਈ ਕਾਰਨ ਨਹੀਂ ਕਿ ਹਰ ਇਕ ਪੜ੍ਹਿਆ-ਲਿਖਿਆ ਸਿੱਖ ਇਸਤ੍ਰੀ-ਪੁਰਸ਼ ਇਸ ਦਾ ਮੈਂਬਰ ਨਾ ਬਣੇ। ਕੀ ਆਸ ਕੀਤੀ ਜਾਵੇ ਕਿ ਇਸ ਨਿੰਮ੍ਰਤਾ ਭਰੀ ਬੇਨਤੀ ਨੂੰ ਪੜ੍ਹਦੇ ਸਾਰ ਹੀ ਹਰ ਸਿੱਖ ਵੀਰ ਤੇ ਭੈਣ ਸੋਸਾਇਟੀ ਦੇ ਮੈਂਬਰ ਬਣਨ ਲਈ ਆਪਣੀਆਂ-ਆਪਣੀਆਂ ਦਰਖ਼ਾਸਤਾਂ ਭੇਜ ਕੇ ਪੰਥਕ ਸੇਵਾ-ਸਹਾਇਤਾ ਬਖ਼ਸ਼ੇਗਾ?

ਸਿੱਖ ਇਤਿਹਾਸਿਕ ਸੋਸਾਇਟੀ ਦੇ ਮਾਨਯੋਗ ਪ੍ਰਧਾਨ ਤੇ ਸਕੱਤਰ ਸਾਹਿਬਾਨ ਦੀ ਸੇਵਾ ਵਿਚ ਬੜੇ ਜ਼ੋਰ, ਪਰ ਅਧੀਨਗੀ ਸਹਿਤ ਪ੍ਰਾਰਥਨਾ ਹੈ ਕਿ ਉਹ ਸਰਦਾਰ ਕਰਮ ਸਿੰਘ ਜੀ ਦੇ ਇਕੱਤ੍ਰ ਕੀਤੇ ਖਰੜਿਆਂ ਤੇ ਮਸਾਲੇ ਨੂੰ ਇਕ ਥਾਂ ਤੇ ਇਕੱਠਾ ਕਰਨ ਦਾ ਉਪਰਾਲਾ ਕਰਨ ਤੇ ਸੋਸਾਇਟੀ ਦੇ ਕੰਮ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਉੱਦਮ ਕਰਨ। ਹੁਣ ਸਰਦਾਰ ਕਰਮ ਸਿੰਘ ਜੀ ਸਾਡੇ ਵਿਚ ਮੌਜੂਦ ਨਹੀਂ ਜਿਨ੍ਹਾਂ ਦੇ ਮੋਢਿਆਂ ਤੇ ਸਾਰਾ ਭਾਰ ਰੱਖਣ ਦੀਆਂ ਉਮੈਦਾਂ ਲਾ ਰੱਖੀਏ। ਹੁਣ ਸਾਨੂੰ ਆਪਣੀਆਂ ਲੜਾਈਆਂ ਆਪ ਲੜਨੀਆਂ ਪੈਣਗੀਆਂ।

ਸਿੱਖ ਇਤਿਹਾਸਿਕ ਸੋਸਾਇਟੀ ਵੱਲੋਂ ਛੇਤੀ ਹੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਵੱਲੋਂ ਮਹੀਨੇ ਵਿਚ ਇਕ ਮੀਟਿੰਗ ਜ਼ਰੂਰ ਕੀਤੀ ਜਾਇਆ ਕਰੇ ਜਿੱਥੇ ਬੜੇ-ਬੜੇ ਵਿਦਵਾਨਾਂ ਵਲੋਂ ਸਿੱਖ ਇਤਿਹਾਸ ਪਰ ਲੈਕਚਰ ਹੋਇਆ ਤੇ ਮਜ਼ਮੂਨ ਪੜ੍ਹੇ ਜਾਇਆ ਕਰਨ ਅਤੇ ਸੋਸਾਇਟੀ ਦੇ ਸਾਲਾਨਾ ਦੀਵਾਨ ਪਰ ਸਿੱਖ ਇਤਿਹਾਸ ਦੇ ਅੱਡ-ਅੱਡ ਵਿਸ਼ਿਆਂ ਪਰ ਚੰਗੇ-ਚੰਗੇ ਮਜ਼ਮੂਨਾਂ ਦੇ ਲਿਖਾਰੀਆਂ ਨੂੰ ਇਨਾਮ ਤੇ ਤਮਗੇ ਆਦਿ ਦਿੱਤੇ ਜਾਇਆ ਕਰਨ। ਇਸ ਨਾਲ ਇੱਕ ਤਾਂ ਸੋਸਾਇਟੀ ਦਾ ਕੰਮ ਹਰਮਨ-ਪਿਆਰਾ ਹੋਵੇਗਾ ਤੇ ਦੂਸਰੇ ਲਿਖਾਰੀਆਂ ਦਾ ਉਤਸ਼ਾਹ ਵਧਣ ਨਾਲ ਇਤਿਹਾਸਿਕ ਖੋਜ ਵੱਲ ਉਨ੍ਹਾਂ ਦੀ ਰੁਚੀ ਤੇ ਲਗਨ ਹੋਰ ਜ਼ਿਆਦਾ ਵਧੇਗੀ। ਆਮ ਸਿੱਖ ਜਨਤਾ ਵਿਚ ਸਿੱਖ ਇਤਿਹਾਸਿਕ ਪ੍ਰੇਮ ਤੇ ਲਗਨ ਪੈਦਾ ਕਰਨ ਲਈ ਛੇਤੀ ਹੀ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਦਾ ਜੀਵਨ ਚਰਿਤ੍ਰ ਲਿਖਵਾ ਕੇ ਛਾਪਣ ਦਾ ਬੰਦੋਬਸਤ ਕੀਤਾ ਜਾਵੇ ਜੋ ਸੋਸਾਇਟੀ ਦੀ ਸਿੱਖ ਇਤਿਹਾਸਿਕ ਪੁਸਤਕਮਾਲਾ ਦਾ ਪਹਿਲਾ ਮੋਤੀ ਹੋਵੇ।

ਸਿੱਖ ਇਤਿਹਾਸਿਕ ਸੇਵਾ ਵਿਚ ਯੋਗ ਹਿੱਸਾ ਲੈਣ ਲਈ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਨੂੰ ਸਿੱਖ ਇਤਿਹਾਸ ਲਈ ਇਕ ਖ਼ਾਸ ਕੁਰਸੀ ਕਾਇਮ ਕਰ ਕੇ ਖੋਜ ਦੇ ਕੰਮ ਨੂੰ ਵੱਡੇ ਪੈਮਾਨੇ ਤੇ ਆਰੰਭ ਕਰਨਾ ਚਾਹੀਦਾ ਹੈ ਕਿਉਂਕਿ ਖੋਜੀਆਂ ਲਈ ਜੋ ਸਹੂਲਤਾਂ ਐਸ ਵੇਲੇ ਜਿਸ ਆਸਾਨੀ ਨਾਲ ਉੱਥੇ ਪੈਦਾ ਕੀਤੀਆਂ ਜਾ ਸਕਦੀਆਂ ਹਨ, ਓਹ ਹੋਰ ਕਿਸੇ ਥਾਂ ਸ਼ਾਇਦ ਇਤਨੀ ਜਲਦੀ ਨਾ ਹੋ ਸਕਣ। ਇਹ ਖੋਜੀ ਵਿਦਵਾਨ ਸਿੱਖ ਇਤਿਹਾਸਿਕ ਸੋਸਾਇਟੀ ਨਾਲ ਸੰਬੰਧਤ ਹੋਵੇ ਤੇ ਉਸ ਦੀਆਂ ਖੋਜਾਂ ਸੋਸਾਇਟੀ ਦੇ ਮੈਗਜ਼ੀਨ ਵਿਚ ਛਪਦੀਆਂ ਰਿਹਾ ਕਰਨ।

ਵਿਸਤਾਰ ਦੇ ਡਰ ਕਰ ਕੇ ਹੋਰ ਜ਼ਿਆਦਾ ਲਿਖਣੋਂ ਸੰਕੋਚ ਕਰਦਾ ਹੋਇਆ ਮਾਨਯੋਗ ਵਿਦਵਾਨਾਂ ਤੇ ਸਿੱਖ ਇਤਿਹਾਸਕਾਰਾਂ ਦੀ ਸੇਵਾ ਵਿੱਚ ਬੜੇ ਜ਼ੋਰ ਪਰ ਨਿੰਮ੍ਰਤਾ ਨਾਲ ਬੇਨਤੀ ਕਰਦਾ ਹਾਂ ਕਿ ਉਹ ਸਿੱਖ ਇਤਿਹਾਸ ਨੂੰ ਖੋਜ ਸੋਧ ਕੇ ਮੁਕੰਮਲ ਕਰਨ ਦੀ ਸਰਬ-ਸਾਂਝੀ ਪੰਥਕ ਸੇਵਾ ਲਈ ਕਰਮ ਦੇ ਮੈਦਾਨ ਵਿੱਚ ਨਿੱਤਰ ਕੇ ਆਪਣੀ ਕਮਾਈ ਸਫਲੀ ਕਰਨ ਤੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।


ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਬਾਦਾਨ, ਈਰਾਨ — ਦਾਸ
14-10-1930 — ਗੰਡਾ ਸਿੰਘ 'ਕੇਵਲ'

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




ਹੁਣ ਇਕ ਹੋਰ ਪਹਿਲੂ ਵੀਚਾਰ ਵਿਚ ਲੈ ਆਓ। ਜਦ ਅਸੀਂ ਮਨ ਜੋੜਕੇ ਸ਼ਰਧਾ ਨਾਲ, ਪਿਆਰ ਨਾਲ ਕੀਰਤਨ ਕਰਦੇ ਹਾਂ ਤਾਂ ਬਾਣੀ ਵਿਚ ਕੀਹ ਕੁਛ ਆਖਦੇ ਹਾਂ? ਇਕ ਤਾਂ ਹੁੰਦੀ ਹੈ ਆਪਣੇ ਅਵਗੁਣਾਂ ਨੂੰ ਮੰਨ ਕੇ ਮਾਫੀ ਦੀ ਚਾਹ, ਇਕ ਹੁੰਦੀ ਹੈ ਸ਼ੁਭ ਕਰਮਾਂ ਦੀ ਪ੍ਰਾਪਤੀ ਦੀ ਅਰਦਾਸ, ਇਕ ਹੁੰਦੀ ਹੈ ਮਨ ਨੂੰ ਉੱਚੇ ਭਾਵਾਂ ਤੇ ਖਯਾਲਾਂ ਦੀ ਯਾਦ ਤੇ ਪ੍ਰੇਰਨਾ, ਇਕ ਹੁੰਦੀ ਹੈ ਵਾਹਿਗੁਰੂ ਜੀ ਦੀ ਸੇਵਾ ਵਿਚ ਉਨ੍ਹਾਂ ਦੀ ਪ੍ਰਾਪਤੀ ਲਈ ਬੇਨਤੀ, ਇਕ ਹੁੰਦਾ ਹੈ ਵਾਹਿਗੁਰੂ ਜੀ ਦਾ ਗੁਣ ਗਾਇਨ; ਉਨ੍ਹਾਂ ਦਾ ਯਸ਼ ਕੀਰਤਨ, ਸਿਫਤਾਂ ਦਾ ਉਚਾਰ। ਇਹ ਸਭ ਕੁਛ ਸਾਨੂੰ ਮਨ ਕਰਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਲੈ ਜਾਂਦਾ ਹੈ। ਆਪਾ ਜੋ ਜੁੜਿਆ ਸੀ, ਉਹ ਹਜ਼ੂਰੀ ਵਿਚ ਜਾਕੇ ਹਜ਼ੂਰੀ ਵਾਲੇ ਦੇ ਅਸਰ ਨਾਲ ਕ੍ਰਿਤਾਰਥ ਹੁੰਦਾ ਹੈ। ਉਸ ਦੇ ਗੁਣਾਂ ਦਾ ਪ੍ਰਤੀਬਿੰਬ ਲੈਂਦਾ ਹੈ-ਉਸਦੇ ਗੁਣਾਂ ਨੂੰ ਲੈਂਦਾ ਹੈ। ਉਸਦੇ ਗੁਣਾਂ ਤੋਂ ਉਸ ਵਿਚ, ਜੋ ਗੁਣਾਂ ਦਾ ਗੁਣੀ ਹੈ, ਸਮਾਉਂਦਾ ਹੈ, ਤੀਸਰੀ ਪਾਤਸ਼ਾਹੀ ਦਾ ਫੁਰਮਾਣ ਹੈ :-

**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥**

(ਮਾਝ ਮ: ੩ ਅਸਟ: ੨੩)

ਸੋ ਸਿਫਤ ਸਲਾਹ ਨਾਲ, ਜੋ ਕੀਰਤਨ ਦ੍ਵਾਰਾ ਹੁੰਦੀ ਹੈ, ਤ੍ਰੈ ਫਲ ਲਗਦੇ ਹਨ, 1. ਸਰੀਰ ਸੁਖੀ ਹੋ ਕੇ ਮਨ ਜੁੜਦਾ ਹੈ। 2. ਜੁੜਿਆ ਮਨ 'ਆਪਣੇ ਆਪੇ ਦੇ', 'ਆਪਣੇ ਜੀਵਨ ਦੇ ਆਪਣੇ ਆਪੇ ਦੇ ਰਸ' ਨੂੰ ਮਾਣਦਾ ਹੈ ਤੇ ਨਾਲ ਹੀ ਸਿਫਤ ਸਲਾਹ ਦੇ ਭਾਵ ਨਾਲ ਤੇ ਰਾਗ ਦੀ ਤਾਸੀਰ ਨਾਲ ਜੁੜਨ ਕਰਕੇ ਕੋਈ ਹਠ ਤਪ ਵਰਗੀ ਖੇਚਲ ਬੀ ਨਹੀਂ ਪੈਂਦੀ, ਸਿਫਤ ਸਲਾਹ ਜਾਂ ਕੀਰਤਨ ਨਾਲ ਜੁੜਕੇ ਆਪੇ ਦਾ ਸਹਜ ਸੁਖ ਆਪਣੇ ਆਪ ਨੂੰ ਆਪੇ ਪ੍ਰਗਟ ਕਰਦਾ ਹੈ। 3. ਇਸ ਤੋਂ ਅੱਗੇ ਇਸ ਆਪੇ ਨੂੰ ਉਸ ਪਰਮਾਤਮ ਦੇਵ ਦੀ ਹਜ਼ੂਰੀ ਮਿਲਦੀ ਹੈ, ਜਿਸ ਦਾ ਕਿ ਕੀਰਤਨ ਕਰਦੇ ਸਾਂ, ਇਉਂ ਹੁੰਦੇ ਹੁੰਦੇ ਉਨ੍ਹਾਂ ਦੇ ਸਰੂਪ ਵਿਚ ਸਮਾਈ ਪ੍ਰਾਪਤ ਹੁੰਦੀ ਹੈ। ਸੋ ਐਸੇ ਲਾਭਵੰਦ ਰਸ ਰੰਗ ਨੂੰ ਆਪ ਹੀ ਸਾਧ ਸੰਗਤ ਜੀ! ਵੀਚਾਰ ਕਰੋ, ਕਿ ਧਾਰਨ ਕਰਨਾ ਚਾਹੀਏ ਕਿ ਨਾਂ? ਸੋਚ ਲਓ ਕਿ ਇਤਨਾ ਭਾਰੀ ਸੁਖ ਦਾ ਸਾਮਾਨ ਇਸ ਵਿਚ ਗੁਰੂ ਬਾਬੇ ਨੇ ਰੱਖਿਆ ਹੈ।

ਇਹ ਕਹਿਕੇ ਸੰਤ ਬੜੀ ਮਧੁਰ ਧੁਨੀ ਵਿਚ ਗਾਂਵੇਂ:--

**ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ॥**
**ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ॥**

**ਤਿਸਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ॥੨॥**

(ਸੋਰਠਿ ਮ: ੧ ਅਸਟ: ੩-੬੩੬)

ਇਸ ਵੇਲੇ ਸੰਗਤ ਵਿਚੋਂ ਇਕ ਗੱਭਰੂ ਕਾਕਾ ਉੱਠ ਬੈਠਾ ਤੇ ਹੱਥ ਜੋੜ ਕੇ ਕਹਿਣ ਲੱਗਾ— ਇਹ ਗੱਲ ਵਾਜਬ ਨਹੀਂ ਕਿ ਮੈਂ ਐਸ ਵੇਲੇ ਕੁਛ ਪੁੱਛਾ, ਪਰ ਆਪ ਦੇ ਕਥਨ ਦਾ ਬੜਾ ਸੁਆਦ ਆਇਆ ਹੈ ਤੇ ਸਾਨੂੰ ਬੜੀ ਸੁਮਤਿ ਮਿਲੀ ਹੈ। ਇਸ ਕਰਕੇ ਇਕ ਪੁੱਛ ਅਦਬ ਨਾਲ ਸੰਸੇ ਨਵਿਰਤੀ ਲਈ ਪੁੱਛਣੀ ਹੈ। ਅਸੀਂ ਬਾਲਪਣੇ ਤੋਂ ਪੱਛਮੀ ਵਿਦਜਾ ਦੇ ਵੱਸ ਵਿਚ ਪਾ ਦਿੱਤੇ ਜਾਂਦੇ ਹਾਂ, ਆਪਣੀ ਵਿਦਜਾ, ਆਪਣੇ ਆਦਰਸ਼, ਸਾਨੂੰ ਪਤਾ ਨਹੀਂ ਹੁੰਦੇ, ਇੱਥੋਂ ਤਾਂਈਂ ਕਿ ਸਾਡੀ ਸੋਚ ਤੇ ਵੀਚਾਰ ਦਾ ਤ੍ਰੀਕਾ ਬੀ ਵਿਦੇਸ਼ੀ ਹੋ ਜਾਂਦਾ ਹੈ। ਅਜ ਪਹਿਲਾ ਮੌਕਾ ਹੈ ਕਿ ਮੈਨੂੰ ਐਸੇ ਸੁਹਣੇ ਤ੍ਰੀਕੇ ਤੇ ਕੀਰਤਨ ਦਾ ਆਦਰਸ਼ ਸੁਣਨ ਦਾ ਮੌਕਿਆ ਮਿਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਗੁਰੂ ਘਰ ਵਿਚ ਸਿਫਤ ਸਲਾਹ ਦਾ ਤ੍ਰੀਕਾ ਵਿਸਮਾਦ ਵਿਚ ਲੈ ਜਾਂਦਾ ਹੈ। ਪੱਛਮੀ ਬੋਲੀ ਵਿਚ ਵਿਸਮਾਦ ਦੇ ਲਗਪਗ ਦੀ ਯਾਂ ਕੁਛ ਨੀਵੀਂ ਸ਼ੈ ਨੂੰ ਅਸਥੈਟਿਕਸ (Aesthetics) ਆਖਦੇ ਹਨ, ਪਰ ਆਪ ਦੇ ਵਿਸਮਾਦ ਦਾ ਮਨੋਰਥ ਉਸ ਤੋਂ ਉਚੇਰਾ ਸਹੀ ਹੁੰਦਾ ਹੈ। ਆਪ ਦਾ ਕੇਵਲ ਇਤਨਾ ਭਾਵ ਨਹੀਂ ਕਿ ਸਦਾ ਜਤਨਾਂ ਜੋਧਨਾਂ ਤੇ ਫਿਕਰਾਂ ਵਿਚ ਰਹਿਣ ਵਾਲਾ ਇਨਸਾਨ ਕਿਸੇ ਵੇਲੇ ਨਿਰਾ ਕੋਈ ਵਿਸਮਾਦੀ ਝੂਟਾ ਲੈ ਕੇ ਹੀ ਬੱਸ ਹੋ ਜਾਵੇ, ਸਗੋਂ ਕੀਰਤਨ ਨਾਲ ਵਿਸਮਾਦੀ ਰੰਗ ਲੈਂਦਾ ਟਿਕ ਜਾਵੇ ਤੇ ਟਿਕੇ ਹੋਏ ਨੂੰ ਆਰਾਮ ਮਿਲੇ ਤੇ ਆਪੇ ਆਪਣੇ ਜੀਵਨ ਮਾਤ੍ਰ ਦਾ ਯਾ ਜਿਵੇਂ ਆਪ ਨੇ ਫੁਰਮਾਇਆ ਹੈ ਆਪਣੀ 'ਆਤਮ ਸਰੂਪਤਾ' ਦੀ ਸੁੰਦਰਤਾ ਤੇ ਉਸਦਾ ਕੋਈ-ਰਸ-ਆਨੰਦ ਪ੍ਰਤੀਤ ਦੇ ਆਵੇ, ਇਸ ਨਾਲ ਸਾਰੇ ਸੁਖ, ਜੋ ਅਸੀਂ ਲੋੜਦੇ ਹਾਂ, ਉਨ੍ਹਾਂ ਦੇ ਮੂਲ ਸੁਖ ਦਾ ਪਤਾ ਲੱਗ ਜਾਵੇ ਤਾਂ ਮਨ ਇਕ ਤ੍ਰਿਪਤੀ ਪਾਵੇ ਤੇ ਫੇਰ ਬਾਹਰ ਜਗਤ ਵਿਚ ਉਹ ਆਪਣੀ ਲੋੜ ਤੋਂ ਵਧੀਕ ਦੁਖਦਾਈ ਕੋਸ਼ਸ਼ ਵਿਚ ਨਾ ਪਵੇ-ਦੂਸਰਿਆਂ ਨੂੰ ਹਾਨੀ ਦੇਣ ਵਾਲੀ ਖ਼ੁਦਗਰਜ਼ੀ ਦਾ ਵਰਤਾਉ ਨਾ ਕਰੇ। ਸੋ ਕੀਰਤਨ 'ਨਿਜ ਸੁਖ' ਤੇ 'ਜਗਤ ਸੁਖ' ਦਾ ਇਕ ਸੁਹਜ ਤੇ ਸੁਆਦ ਵਾਲਾ ਤ੍ਰੀਕਾ ਹੈ। ਆਪ ਦੀ ਰਮਜ਼ ਮੈਂ ਖੂਬ ਸਮਝੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੁਲਹ, ਸ਼ਾਂਤੀ, ਪਿਆਰ ਦੇ ਉਪਦੇਸ਼ ਨਾਲ ਮਨੁੱਖ ਦੇ ਢੱਠੇ ਮਨ ਨੂੰ ਵਿਸਮਾਦ ਨਾਲ ਉੱਚਾ ਬੀ ਕੀਤਾ ਹੈ ਤੇ ਉਸਦਾ ਤ੍ਰੀਕਾ ਸਿਫਤ ਸਲਾਹ ਰੱਖਿਆ ਹੈ ਤੇ ਸਿਫਤ ਸਲਾਹ ਨੂੰ ਸੰਗੀਤ ਵਿਚ ਪਾ ਕੇ ਮਨ ਲਈ ਪੂਰਨ ਲਾਭ ਰਸਮਯਤਾ ਦਾ ਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਇਸ ਕੀਰਤਨ ਨਾਲ ਸਾਨੂੰ ਮਾਨਸਿਕ ਤੇ ਸਰੀਰਕ ਦੁਇ ਲਾਭ ਹੁੰਦੇ ਹਨ, ਇਹ ਵੀ ਠੀਕ ਹੈ, ਤਜਰਬਾ ਤੇ ਵਿਦਜਾ ਇਸ ਨੂੰ ਸਹੀ ਕਰਦੇ ਹਨ। ਮੈਂ ਡਾਕਟਰੀ ਵਿਦਿਆ ਪਾਈ ਹੈ, ਮੈਨੂੰ ਪਤਾ ਹੈ ਕਿ ਰਾਗ ਦਾ ਅਸਰ ਸਾਡੇ ਨਰਵਜ਼ (Nerves) ਉਤੇ ਸ਼ਾਂਤਿਮਯ ਹੁੰਦਾ ਹੈ। ਕਿਉਂ ਜੀ ਮੈਂ ਠੀਕ ਸਮਝਿਆ ਹੈ?

**ਸੰਤ**- ਹਾਂ ਭਾਈ ਠੀਕ।

ਫੇਰ ਉਹ ਪ੍ਰਸਨ ਕਰਤਾ ਬੋਲਿਆ-ਹੁਣ ਮੈਂ ਜੋ ਸੰਸੇ ਨਵਿਰਤੀ ਕਰਨੀ ਹੈ ਇਹ ਹੈ ਕਿ ਆਯਾ ਸਾਡੇ ਕੀਰਤਨ ਦਾ, ਸਿਫਤ ਸਲਾਹ ਕਰਨ ਦਾ ਯਾ ਜੈਸਾ ਆਪ ਜੀ ਨੇ ਫੁਰਮਾਯਾ ਹੈ 'ਗੁਣ ਗਾਯਨ ਕਰਨ ਦਾ' ਕੋਈ ਅਸਰ 'ਪਰਮ ਪੁਰਖ' ਉਤੇ ਵੀ ਪੈਂਦਾ ਹੈ, ਜੇ ਪੈਂਦਾ ਹੈ ਤਾਂ ਉਹ ਖੁਸ਼ ਹੁੰਦਾ ਹੈ, ਜੇ ਹੁੰਦਾ ਹੈ ਤਾਂ ਕੋਈ ਲੋੜ ਉਸ ਨੂੰ ਵੀ ਹੈ ?

**ਸੰਤ**- ਬਰਖ਼ੁਰਦਾਰ ਜੀਓ ! ਚੰਗਾ ਹੁੰਦਾ ਆਪ ਰਾਤ ਮੇਰੇ 'ਏਕਾਂਤ ਵਿਚ ਪ੍ਰਸ਼ਨ ਕਰਤਾ' ਜੀ ਦੇ ਨਾਲ ਆ ਜਾਂਦੇ, ਪ੍ਰਸ਼ਨੋਤਰ ਦਾ ਸਮਾਂ ਉਹ ਠੀਕ ਸੀ। ਮੈਂ ਆਪ ਦੀ ਪੁੱਛ ਉਤੇ ਉਦਾਸ ਨਹੀਂ, ਆਪ ਦੇ ਪ੍ਰਸ਼ਨ ਦਾ, ਜੋ ਸਾਂਈਂ ਨੇ ਕਰਵਾਯਾ ਹੈ, ਉੱਤਰ ਦਿਆਂਗਾ, ਪਰ ਹੋ ਸਕਦਾ ਹੈ ਕਿ ਸ਼ਰੋਤਿਆਂ ਵਿਚੋਂ ਕਿਸੇ ਦਾ ਰਸ ਭੰਗ ਹੋਵੇ ਯਾ ਜੇ ਵੀਚਾਰ ਦੀ ਗਲਬਾਤ ਚਰਚਾ ਦੀ ਸੂਰਤ ਫੜ ਲਵੇ ਤਾਂ ਕਥਾ ਦਾ ਰਸ ਨਹੀਂ ਰਹਿੰਦਾ। ਫੇਰ ਸੰਗਤ ਵੱਲ ਤੱਕ ਕੇ ਸੰਤ ਬੋਲੇ: ਕਿਉਂ ਸਾਧ ਸੰਗਤ ਜੀ ! ਆਗਿਆ ਹੈ, ਮੈਂ ਬਰਖ਼ੁਰਦਾਰ ਨੂੰ ਜੋ ਆਉਂਦਾ ਹੈ ਨਿਵੇਦਨ ਕਰ ਦਿਆਂ ? ਆਵਾਜ਼ ਆਈ-ਆਪ ਦੀ ਖੁਸ਼ੀ ਹੈ, ਸੰਗਤ ਆਪ ਨੂੰ ਮਜਬੂਰ ਨਹੀਂ ਕਰਦੀ।

**ਸੰਤ**-ਬਰਖ਼ੁਰਦਾਰ ਜੀ ! ਤੁਸੀਂ ਜ਼ਰਾ ਖੜੋਤੇ ਰਹਿਣ ਦੀ ਕ੍ਰਿਪਾਲਤਾ ਕਰੀ ਰਖੋ, ਜੇ ਮੈਂ ਕੁਛ ਪੁੱਛਣਾ ਹੋਵੇ ਤਾਂ ਆਪ ਜੀ ਨੂੰ ਬਾਰ ਬਾਰ ਉਠਣ ਦੀ ਖੇਚਲ ਨਾਂ ਕਰਨੀ ਪਵੇ। ਬਰਖ਼ੁਰਦਾਰ ਜੀਓ। ਜਿਸ ਪ੍ਰਮਾਤਮ ਦੇਵ ਜੀ ਦੇ ਅਸੀਂ ਗੁਣ ਗਾਇਨ ਕਰ ਰਹੇ ਹਾਂ ਉਸ ਨੂੰ ਆਪ ਸਮਝਦੇ ਹੋ ਕਿ ਚੇਤਨ ਵਰਣਨ ਕੀਤਾ ਗਿਆ ਹੈ ? ਉਹ ਨਿਰਜਿੰਦ ਸ਼ਕਤੀ ਮਾਤ੍ਰ ਨਹੀਂ ਹੈ। ਬਿਜਲੀ ਇਕ ਨਿਰਜਿੰਦ ਸ਼ਕਤੀ ਹੈ ਉਸ ਦੇ ਗੁਣ ਗਾਯਨ ਨਾਲ ਬਿਜਲੀ ਤੇ ਅਸਰ ਨਹੀਂ ਪੈਂਦਾ, ਨਾਂ ਹੀ ਉਹ ਸਾਨੂੰ ਪ੍ਰਾਪਤ ਹੋ ਜਾਂਦੀ ਹੈ, ਨਾਂ ਹੀ ਸਾਡਾ ਮਨ ਖਿੜਦਾ ਹੈ। ਪਰਮਾਤਮ ਦੇਵ ਦੇ ਗੁਣ ਗਾਯਨ ਨਾਲ ਮਨ ਖਿੜਦਾ ਹੈ ਤੇ ਉਨ੍ਹਾਂ ਦਾ ਮੇਲ ਵੀ ਹੋ ਜਾਂਦਾ ਹੈ।

**ਗਭਰੂ**-ਜੀ ਮੈਂ ਵਾਹਿਗੁਰੂ ਨੂੰ ਚੇਤਨ ਦੇਵ ਮੰਨਦਾ ਹਾਂ।

**ਸੰਤ**-ਜੋ ਚੇਤਨ ਹੈ, ਸਰਬੱਗ ਹੈ, ਸਾਡੀ ਕੀਤੀ ਸਿਫਤ ਸਲਾਹ ਨੂੰ ਜਾਣੇਗਾ ਯਾ ਕਹੋ ਕਿ ਸੁਣੇਗਾ। ਅਰਥਾਤ ਉਸ ਦੀ ਗਜਾਤ ਵਿਚ ਹੋਵੇਗੀ ਸਾਡੀ ਕੀਤੀ ਸਿਫਤ-ਸਲਾਹ। ਫਿਰ ਉਹ ਪ੍ਰੇਮ ਸਰੂਪ ਹੈ, ਵਡੇ ਵਡੇ ਦਾਰਸ਼ਨਿਕਾਂ ਨੇ ਉਸ ਨੂੰ ਪ੍ਰਿਯ ਸਰੂਪ ਆਖਿਆ ਹੈ। ਭਗਤਾਂ ਦਾ ਧ੍ਰੁਵਾ ਹੀ ਇਹੋ ਹੈ ਕਿ ਉਹ ਪ੍ਰੇਮ ਸਰੂਪ ਹੈ। ਤੁਸੀਂ ਆਪਣੇ ਵਿੱਚ ਵੇਖਦੇ ਹੋ ਕਿ 'ਭਾਵ ਹੈ:-ਪ੍ਰੇਮ ਹੈ।' ਤੁਸੀਂ ਨਿਰੀ ਕਰਖਤ ਤੇ ਅਭਿੱਜ ਬੁੱਧੀ ਮਾਤ੍ਰ ਨਹੀਂ ਹੋ, ਸਗੋਂ ਪ੍ਰੇਮ ਵਾਲੇ, ਭਾਵ ਵਾਲੇ ਬੀ ਹੋ, ਇਹ ਗੁਣ ਕਿੱਥੋਂ ਆਇਆ ਹੈ? ਸੋਚੋ, ਜਿਸ ਦੀ ਅੰਸ਼ ਹੋ ਇਹ ਉਸ ਦਾ ਗੁਣ ਹੈ। ਅੰਸ਼ ਵਿਚ ਅੰਸ਼ੀ ਦੇ ਗੁਣ ਦਾ ਨਿਵਾਸ ਹੁੰਦਾ ਹੈ। ਇਸ ਤੋਂ ਵੀ ਕਿਆਸ ਕਰ ਲਵੋ ਕਿ ਪਰਮਾਤਮ ਦੇਵ ਜੋ ਸਾਡੇ ਅੰਸ਼ੀ ਹਨ-ਜਿਨ੍ਹਾਂ ਦੀ ਅੰਸ਼ ਮਾਤ੍ਰ ਅਸੀਂ ਹਾਂ-ਪ੍ਰੇਮ ਸਰੂਪ ਹਨ। ਹੁਣ ਵੀਚਾਰ ਕਰੋ, ਉਹ ਜੋ ਪਰਮਾਤਮ ਦੇਵ ਹੈ ਚੇਤਨ ਹੈ ਤੇ ਪ੍ਰੇਮ ਸਰੂਪ ਹੈ, ਸਾਡੀ ਪ੍ਰੇਮਮਈ ਕੀਤੀ ਗਈ ਉਸ ਦੀ ਸਿਫਤ ਸਲਾਹ ਸੁਣਕੇ ਉਹ ਸਮਝੇਗਾ ਕਿ ਏਹ ਮੇਰੇ ਪਿਆਰ ਵਿਚ ਹੈਨ। ਧਜਾਨ ਕਰਨਾ, ਪਿਆਰ ਦੇ ਯਾ ਪ੍ਰੇਮ ਦੇ ਦੋ ਕਰਤੱਵਜ ਹੁੰਦੇ ਹਨ: ਪਿਆਰ ਕਰਨਾ ਤੇ ਕੀਤੇ ਜਾਣਾ। ਸੋ ਅਸੀਂ ਸਿਫਤ ਸਲਾਹ ਨਾਲ ਪਿਆਰ ਕਰਦੇ ਹਾਂ ਤੇ ਉਹ ਪਿਆਰ ਕੀਤਾ ਜਾਂਦਾ ਹੈ। ਚਾਹੇ ਸਾਡਾ ਪਿਆਰ ਨਿਕਾ ਜੇਹਾ, ਪਰ 'ਪਿਆਰ' ਪਿਆਰ ਹੈ। 'ਹੀਰਾ ਕਣੀ' ਚਾਹੋ ਇਕ ਚਾਵਲ ਜਿੰਨੀ ਨਿੱਕੀ ਹੋਵੇ, ਪਰ ਉਹ 'ਹੀਰਾ' ਹੀ ਹੈ। ਛੋਟੀ ਹੋ ਕੇ ਉਹ ਹੀਰਿਓਂ ਪੁਖਰਾਜ ਯਾ ਕੱਚ ਨਹੀਂ ਬਣ ਜਾਂਦੀ। ਪਿਆਰ ਸਰੂਪ ਨੂੰ ਪਿਆਰ ਦੀ ਕਦਰ ਤੇ ਸਿਆਣ ਹੈ, ਕਿਉਂਕਿ ਉਹ ਚੇਤਨ ਹੈ। ਸਾਡੇ ਹਿਰਦੇ ਤੇ ਪ੍ਰੇਮ ਨਾਲ ਕੀਤੀ ਗਈ ਸਿਫਤ ਸਲਾਹ ਨੂੰ, ਚਾਹੋ ਉਹ ਅਤਿ ਥੋੜੀ ਹੈ, ਉਹ ਜਾਣਦਾ ਹੈ ਤੇ ਪ੍ਰੇਮ ਸਰੂਪ ਹੋਣ ਕਰਕੇ ਪਜਾਰਦਾ ਹੈ। ਸੋਚੋ, ਉਸਦਾ ਪਿਆਰ ਸਰੂਪ ਕੀ ਹੋਵੇ, ਜੇ ਉਹ ਅਪਣੇ ਨਾਲ ਕੀਤੇ ਗਏ ਪਿਆਰ ਨੂੰ ਨਾਂ ਪਛਾਣੇ ਤੇ ਨਾਂ ਸ੍ਵੀਕਾਰ ਕਰੇ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Bhai Mani Singh

❖ Sawan Singh Gogia

The Sikh history is replete with the history of martyrs and Bhai Mani Singh has a special place in the line of martyrs. It is assumed that after the brutal killing of Baba Banda Singh Bahadur in 1716, the Sikhs were left without any temporal guide, but to ignore the importance of the part played by Bhai Mani Singh is to miss the significance of the phase itself. Bhai Mani Singh played an important and inspiring role in guiding the followers of Guru Gobind Singh desperately looking for a leader. On account of the peculiar and high position held by Bhai Mani Singh and his great piety, his martyrdom aroused the greatest veneration and deserves particular mention.

## Birth and Early life

Bhai Mani Singh was born on 10 March, 1644 at village Alipur, near Multan now in Pakistan and was named Mani Ram but was called *Mania*. His father, Mai Das, brought him to Guru Har Rai in 1657 at Kiratpur Sahib. On seeing him, the Guru said: *Mania* will be *Gunia* (virtuous). He stayed in service of the Guru for about two years and received instructions in the Sikh lore. In 1659, he returned to his village and was married to Sito Devi, daughter of Lakhi Rai. After his marriage, he again returned to Kiratpur Sahib and humbly served in the *Langar* (free kitchen) of the Guru and learnt *Gurbani*. After the death of Guru Har Rai, he attended on his successor, Guru Harkrishan and accompanied him to Delhi also. After the departure of Guru Harkrishan from this mortal world, he returned to Bakala and started serving Guru Tegh Bahadur. He also attended on the Guru at Kiratpur Sahib and Anandpur Sahib.

## Family of Martyrs

Bhai Mani Singh has the honour of belonging to a family of martyrs. Devotion to the Gurus was in his heritage and his family can rightly boast of an impressive record of sacrifices. His grandfather, Balu Ram, attained martyrdom fighting for Guru Hargobind in 1634. Bhai Dayal Das, who was tortured and executed at Delhi before the martyrdom of Guru Tegh Bahadur in 1675, was the elder brother of Bhai Mani Singh. As mentioned by Bhatt Seva Singh in *Shaheed Bilas*, Hathi Chand, Lehna Singh and Sohan Singh, who died fighting for Guru Gobind Singh at different places, were younger brothers of Bhai Mani Singh. As mentioned by Dr. Rattan Singh Jaggi in *Bhai Mani Singh – Jeevanee ate Rachna*, Punjabi University, Patiala, his five sons – Bachittar Singh, Ude Singh, Anik Singh, Ajaib Singh and Ajub Singh sacrificed their lives fighting against the Mughals in 1705. Lakhi Shah Vanjara, who cremated the headless body of Guru Tegh Bahadur at a great risk, was father-in-law of Bhai Mani Singh.

## A Distinguished Devotee and Brave Soldier of Guru Gobind Singh

After the departure of Guru Tegh Bahadur for Delhi, Mani Ram started to serve Guru Gobind Singh and became an important individual in the court of the tenth Master. As written by Bhatt Seva Singh, writer of *Shaheed Bilas*, he was a true Sikh, preacher, writer and a brave fighter. He accompanied the Guru to the Paonta and took active part in the battle of Bhangani in 1688 and defeated the unreasonable hill chiefs. He returned to Anandpur Sahib with the Guru, who loved him and consequently the Sikhs respected him. In 1690, he fought bravely in the battle against the Mughals at Nadaun and defeated them. In 1691, the Guru appointed him his *Diwan* (minister) after Nand Chand. In 1695, he fought bravely when Husain Khan, a Mughal Commander, attacked Anandpur Sahib. The Guru sent him to Ramdaspur (Amritsar) as head priest after the death of Sodhi Har Ji and there he managed the affairs very efficiently.

Appreciating his services at Amritsar, the Guru granted him an appreciation letter. In 1699, when Guru Gobind Singh created *Khalsa*, Mani Ram along with his five sons was initiated into *Khalsa* fold and Mani Ram became Bhai Mani Singh. According to Dr. Hari Ram Gupta in *History of the Sikhs*, Bhai Mani Singh escorted Guru Gobind Singh's wives, Mata Sundri and Mata Sahib Devan to Delhi at a great risk. When the Guru reached Talwandi Sabo, now called Damdama Sahib, he escorted the Guru's wives there. When the Guru left for Deccan to see Aurangzeb, he sent his wives back to Delhi under the charge of Bhai Mani Singh.

## His Literary and Preaching Activities

Bhai Mani Singh was well known for his scholarship. He was one of the most learned men among the followers of Guru Gobind Singh. His literary and

preaching activities distinguished him from others. Giani Gian Singh in *Panth Parkash* mentions that he was one of the 52 poets in the court of Guru Gobind Singh. In 1706, he rejoined Guru Gobind Singh at Talwandi Sabo, where he prepared, under the Guru's guidance, the revised copy of the *Adi Granth* which also contained the compositions of Guru Tegh Bahadur. He transcribed many copies of the holy Scripture for distribution. His exposition of *Gurbani* was appreciated by all. He used to interpret hymns from *Gurbani* at the daily prayer meetings both at Anandpur and Amritsar. He went around the countryside preaching message of the Sikh Gurus and also visited villages in Jhang district, now in Pakistan, in 1714-15.

He sowed the seeds and planted *Gurmat* among all, irrespective of caste or creed. His discourses which were very popular were based on the first *Vaar* of Bhai Gurdas and other stories he had learnt about the Sikh Gurus. As mentioned by Dr. R.S. Jaggi, these discourses are recorded by Bhai Surat Singh in the shape of *Gian Ratnawli* (*Janam Saakhi*) and *Bhagat Ratnawli* (*Sikhan Di Bhagatmala*). The first one is about the life of Guru Nanak and is based on the first *Vaar* of Bhai Gurdas and the second book is the biography of the Sikh devotees based on the 12th *Vaar* of Bhai Gurdas. These books are attributed to Bhai Mani Singh. These books present a good sample of prose in Punjabi literature and have historical and literary importance.

## Unifying Force

After the martyrdom of Banda Singh Bahadur in 1716, dissension broke out between the Sikhs who were split into two, but Bhai Mani Singh, who was Head Priest of *Darbar Sahib* at that time, used his influence and wisdom to bring about unity among the warring groups – the *Bandai Khalsa*, who treated Banda Bahadur as the 11th Guru and the *Tat Khalsa* who treated *Guru Granth Sahib* as the Eternal Guru. There was likelihood of a major conflict between the two groups. Bhai Mani Singh reconciled the two sides by asking them to cast lots. He took two pieces of paper. On one he wrote *Tat Khalsa* and on the other piece *Bandai Khalsa*. Both the pieces were rolled up into two balls and thrown into the holy tank. The paper bearing the name of the *Tat Khalsa* came floated first and control of *Darbar Sahib* was immediately handed over to them. Thus his wisdom settled the dispute peacefully in 1723.

## Martyrdom

Zakaria Khan, a fanatic, was the Governor of Lahore those days. He had strictly forbidden Sikhs to visit Amritsar and bathe in the holy tank and had deputed Diwan Lakhpat Rai to Amritsar for this purpose. He did not allow Sikhs to assemble and celebrate Diwali at *Darbar Sahib* but agreed to permit the *Diwali* gathering of the Sikhs at *Darbar Sahib* only if Bhai Mani Singh paid him five hundred rupees. Bhai Mani Singh agreed hoping to collect the money from the Sikhs when they were likely to attend the gathering. Bhai Mani Singh sent message all over Punjab inviting Sikhs to visit *Darbar Sahib* to celebrate *Diwali* of 1734. In the meantime, he came to know that the Governor was not sincere; his aim was to kill the Sikhs when they assembled and troops were on their way from Lahore. He sent message to the Sikhs, apprised them of the sinister designs of the Governor and asked them not to come to Amritsar to celebrate *Diwali*. Consequently, only a few Sikhs turned up and the requisite money could not be collected and paid to the Governor. Bhai Mani Singh was arrested for non-payment of the dues as ordered by the Governor. He was offered to embrace Islam or pay the money otherwise he would be cut into pieces, limb by limb. He refused to accept Islam and was cut into pieces, but this true Sikh of the Guru neither wavered nor lost his poise. He was calm and serene up to his last breath and was martyred in June 1734 when he was 90 years old at a place where now stands Gurdwara Shaheed Ganj in Lahore.

## Conclusion

Bhai Mani Singh consolidated the work of Guru Gobind Singh during a critical phase of Sikh history after the demise of Baba Banda Singh Bahadur when the Sikhs were losing heart. He moved among the Sikhs as the embodiment of hope and faith. His unwavering faith in the mission of Guru Gobind Singh was a source of inspiration to others. He looked to the future as a new dawn of the Sikh power and dispelled the despondency to which the Sikhs were falling after 1716. By his extraordinary courage and foresight he held the Sikhs together and gave them guidance which led to the path to political power. His martyrdom made the Sikhs relentless enemy of the Mughal administration. They never reconciled themselves to the state which executed their priests and desecrated their shrines. His supreme sacrifice furthered the cause for which he had laboured throughout his life. From his experience arose his attitude and philosophy of resistance. His name has a special place in the Sikh history as he sacrificed his life for the *Panth*. He was indeed a true Sikh in service and sacrifice. The origins of most of the latter achievements can be traced to the work of men like Bhai Mani Singh.

Courtesy : *Eternal Voice*

✧ ✧ ✧ ✧ ✧

# ਭਾਈ ਮਨੀ ਸਿੰਘ – ਇਕ ਬਹੁਪੱਖੀ ਸ਼ਖ਼ਸੀਅਤ

ਭਾਈ ਮਨੀ ਸਿੰਘ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਦੇ ਪ੍ਰਸਿੱਧ ਜਰਨੈਲ ਬਲੂ ਰਾਓ ਦੇ ਪੋਤਰੇ ਸਨ। ਦਾਦਾ ਬਲੂ ਰਾਓ ਤੇ ਅਗਾਂਹ ਪਿਤਾ ਸਾਈਂ ਦਾਸ ਵੀ ਗੁਰੂ ਘਰ ਨੂੰ ਹਮੇਸ਼ਾ ਸਮਰਪਿਤ ਰਹੇ। ਸਿੱਖੀ ਦੇ ਇਸ ਪ੍ਰਵਾਹ 'ਚੋਂ ਅਗਾਂਹ ਭਾਈ ਮਨੀ ਸਿੰਘ ਦਾ ਜਨਮ ਹੋਇਆ। ਬਚਪਨ 'ਚ ਮਾਤਾ-ਪਿਤਾ ਆਪ ਨੂੰ ਮਨੀਆ ਕਹਿ ਕੇ ਬੁਲਾਉਂਦੇ। ਮਨੀ ਸਿੰਘ ਦੀ ਉਮਰ ਤੇਰ੍ਹਾਂ ਵਰ੍ਹਿਆਂ ਦੀ ਸੀ ਜਦ ਘਰ ਦੇ ਉਸ ਨੂੰ ਨਾਲ ਲੈ ਅਲੀਪੁਰ ਤੋਂ ਚਲ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿ ਰਾਇ ਸਾਹਿਬ ਦੇ ਚਰਨਾਂ 'ਚ ਹਾਜ਼ਰ ਹੋਏ। ਬਖਸ਼ਿਸ਼ ਭਰੀਆਂ ਨਿਗਾਹਾਂ ਨਾਲ ਮਨੀਏ ਵਲ ਵੇਖ ਪਾਤਸ਼ਾਹ ਸਹਿਜੇ ਫੁਰਮਾਇਆ, 'ਮਨੀਆ ਇਹ ਗੁਨੀਆ ਹੋਏਗਾ ਬੀਚ ਜਗ ਸਾਰੇ।' ਇਤਿਹਾਸ ਨੇ ਇਹਨਾਂ ਬੋਲਾਂ ਨੂੰ ਉਸ ਵੇਲੇ ਯਕਦਮ ਹੀ ਬੋਚ ਲਿਆ। ਸਮਾਂ ਪਾ ਕੇ ਇਤਿਹਾਸ ਰਾਹੀਂ ਬੋਚੇ ਹੋਏ ਇਹ ਬੋਲ ਇਤਿਹਾਸ ਦੇ ਵਰਕਿਆਂ 'ਚ ਇੰਨ ਬਿੰਨ ਹੀ ਪ੍ਰਫੁੱਲਿਤ ਹੋ ਗਏ।

ਉਹ ਸਮਾਂ ਸੀ ਜਦ ਯੁਵਾ ਅਵਸਥਾ 'ਚ ਆਉਂਦੇ ਹੀ ਬੱਚਿਆਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਖੈਰਪੁਰ ਦੇ ਲੱਖੀ ਰਾਇ ਦੀ ਧੀ ਬੀਬੀ ਸੀਤੋ ਨਾਲ ਮਨੀਏ ਦਾ ਸੰਜੋਗ ਕਰ ਦਿੱਤਾ ਗਿਆ। ਗ੍ਰਹਿਸਤ ਦਾ ਤੋਰਾ ਤੁਰ ਪਿਆ ਤੇ ਨਾਲ ਹੀ ਗੁਰੂ-ਘਰ ਨਾਲ ਸੰਬੰਧ ਪਹਿਲਾਂ ਵਾਂਗ ਹੀ ਬਣਿਆ ਰਿਹਾ। ਮਨੀ ਰਾਮ ਅਜਿਹੇ ਵਡਭਾਗੇ ਸਿੱਖ ਸਨ ਜਿਨ੍ਹਾਂ ਨੂੰ ਗੁਰੂ ਹਰਿ ਰਾਏ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸੇਵਾ ਕਰਨ ਦਾ ਸੁਭਾਗ ਹਾਸਲ ਹੋਇਆ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਬਾਅਦ ਭਾਈ ਮਨੀ ਰਾਮ ਅਨੰਦਪੁਰ ਸਾਹਿਬ ਵਿਖੇ ਦਸ਼ਮੇਸ਼ ਪਾਸ ਪੱਕਿਆਂ ਹੀ ਰਹਿਣ ਲਗ ਪਏ ਅਤੇ ਉੱਥੇ ਉਹ ਕਈ ਤਰ੍ਹਾਂ ਦੀਆਂ ਸੇਵਾਵਾਂ ਨਿਭਾਹੁੰਦੇ। ਪੋਥੀਆਂ ਲਿਖਣ-ਲਿਖਾਉਣ ਤੇ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਭਾਈ ਸਾਹਿਬ ਯੁੱਧ ਕਲਾ ਵਿਚ ਵੀ ਨਿਪੁੰਨ ਸਨ। ਭੰਗਾਣੀ ਦੇ ਯੁੱਧ 'ਚ ਆਪ ਅੱਗੇ ਹੋ ਜੁਝਦੇ ਰਹੇ ਤੇ ਵੈਰੀਆਂ ਦੇ ਪੜਛੇ ਲਾਹੁੰਦੇ ਰਹੇ। ਮਨੀ ਸਿੰਘ ਹੁਣ ਦਸ਼ਮੇਸ਼ ਦੇ ਨਿਕਟਵਰਤੀ ਸਿੱਖਾਂ 'ਚੋਂ ਸਨ।

ਇਤਿਹਾਸ 'ਚ 1699 ਦੀ ਵਿਸਾਖੀ ਸਿੱਖ ਲਹਿਰ 'ਚ ਇਕ ਕ੍ਰਾਂਤੀਕਾਰੀ ਕਦਮ ਸੀ। ਦਸ਼ਮੇਸ਼ ਨੇ ਖਾਲਸੇ ਦੀ ਸਾਜਨਾ ਕੀਤੀ ਤੇ ਨਾਲ ਹੀ ਸਿੱਖ ਦੀਖਿਆ ਦੀ ਨਵੀਂ ਪ੍ਰਣਾਲੀ ਦਾ ਜਨਮ ਹੋਇਆ। ਨੌਂ ਗੁਰੂ ਸਾਹਿਬਾਨ ਤਕ ਚੱਲੀ ਚਰਨ-ਕਮਲ ਦੀ ਦੀਖਿਅਤ ਪ੍ਰਥਾ ਨੂੰ ਖੰਡੇ ਬਾਟੇ 'ਚ ਤਬਦੀਲ ਕਰ ਦਿੱਤਾ ਗਿਆ। ਇਸ ਦੀਖਿਅਤ ਪ੍ਰਥਾ 'ਚੋਂ ਖਾਲਸੇ ਦਾ ਜਨਮ ਹੋਇਆ। ਖਾਲਸੇ ਦੇ ਅਸੂਲ ਘੜੇ ਗਏ ਤੇ ਖਾਲਸਾ-ਮਰਿਆਦਾ ਦਾ ਪ੍ਰਾਰੰਭ ਹੋਇਆ। ਭਾਈ ਮਨੀ ਰਾਮ ਇਸ ਨਵੀਂ ਦੀਖਿਅਤ ਪ੍ਰਥਾ 'ਚੋਂ ਹੀ ਅੰਮ੍ਰਿਤ ਛੱਕ ਮਨੀ ਸਿੰਘ ਬਣੇ ਸਨ, ਸੋ ਹੁਣ ਖਾਲਸੇ ਦੀ ਮਰਿਆਦਾ ਤੇ ਪਹਿਰਾ ਦੇਣਾ ਤੇ ਇਸ ਦਾ ਪ੍ਰਚਾਰ ਕਰਨਾ ਭਾਈ ਮਨੀ ਸਿੰਘ ਦੇ ਕੰਮਾਂ 'ਚੋਂ ਪ੍ਰਮੁੱਖ ਸੀ।

ਕਥਨੀ-ਕਰਨੀ ਦੇ ਸੂਰੇ ਭਾਈ ਮਨੀ ਸਿੰਘ ਇਕ ਤੱਤਪਰ ਸਿੱਖ ਸਨ। ਆਲਸ ਉਹਨਾਂ ਦੇ ਨੇੜੇ ਨਹੀਂ ਢੁੱਕਦਾ ਸੀ। ਉਹਨਾਂ ਦੀ ਦਿਨਚਰਿਆ ਦਾ ਜ਼ਿਕਰ ਕਰਦਾ ਭੱਟ ਸੇਵਾ ਸਿੰਘ ਪੋਥੀ **ਸ਼ਹੀਦ ਬਿਲਾਸ** 'ਚ ਲਿਖਦਾ ਹੈ :

ਸੇਵਾ ਕਰੇ ਆਲਸ ਕੂੰ ਤਿਆਗੈ। ਸਵਾ ਪਹਿਰ ਨਿਸ ਰਹਿੰਦੀ ਜਾਗੈ।
ਨਿਤਪ੍ਰਤਿ ਮਨੀਆ ਮੱਜਨ ਕਰੈ। ਪਦ ਪੰਕਜ ਗੁਰ ਮਸਤਕ ਧਰੈ।
ਨਿਸ ਦਿਨ ਕਰ ਸੇਵਾ ਮਨ ਮਾਂਜੇ। ਅੰਧੇਰੀ ਬਦ ਨੇ ਦੇਖੇ ਝਾਂਜੇ।
ਸੇਵਾ ਹਰੀ ਯੁਧ ਮਹਿ ਆਗੈ। ਹੋਇ ਕਾਇਰ ਨਹਿ ਪੀਛੈ ਭਾਗੈ।

ਗਿਆਨ-ਧਿਆਨ, ਜੱਤ-ਸਤ, ਉਤਸ਼ਾਹ ਆਦਿ ਸਭ ਵਿਚ ਪੂਰੇ ਭਾਈ ਮਨੀ ਸਿੰਘ ਗੁਰੂ ਘਰ 'ਚ ਹਰ ਸੇਵਾ ਚਾਅ ਨਾਲ ਨਿਭਾਹੁੰਦੇ। ਇਸੇ ਕਾਰਨ ਕਲਗੀਧਰ ਮਹਾਰਾਜ ਦੀ ਇਨ੍ਹਾਂ ਤੇ ਬਹੁਤ ਪ੍ਰਸੰਨਤਾ ਸੀ। ਇੱਕ ਦਿਨ ਅੰਮ੍ਰਿਤਸਰ ਤੋਂ ਸੰਗਤ ਦੀ ਆਮਦ ਹੋਈ ਤੇ ਉਹਨਾਂ ਪਾਤਸ਼ਾਹ ਦੇ ਚਰਨਾਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਸੁਚੱਜੇ ਪ੍ਰਬੰਧਾਂ ਲਈ ਯਾਚਨਾ ਕੀਤੀ ਕਿਉਂਜੋ ਇੱਥੇ ਉਸ ਵੇਲੇ ਮੀਣਿਆਂ ਵੱਲੋਂ ਚਲਾਇਆ ਜਾ ਰਿਹਾ ਪ੍ਰਬੰਧ ਗੁਰ ਮਰਿਆਦਾ ਮੁਤਾਬਿਕ ਨਹੀਂ ਸੀ। ਸੰਗਤ ਦੀ ਬੇਨਤੀ ਸੁਣ ਪਾਤਸ਼ਾਹ ਨੇ ਮਿਹਰ ਭਰੀ ਨਜ਼ਰ ਭਾਈ ਮਨੀ ਸਿੰਘ ਵਲ ਕੀਤੀ ਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਪ੍ਰਬੰਧ ਸੰਭਾਲਣ ਲਈ ਕਿਹਾ। ਗੁਰੂ ਹੁਕਮ ਨੂੰ ਸਿਰਮੌਰ ਮੰਨਦਿਆਂ ਭਾਈ ਮਨੀ ਸਿੰਘ ਅਨੰਦਾਂ ਦੀ ਨਗਰੀ ਤੋਂ ਸੰਗਤ ਨਾਲ ਅੰਮ੍ਰਿਤਸਰ ਵਲ ਨੂੰ ਚਲ ਪਏ। ਇੱਥੇ ਆ ਕੇ ਆਪ ਨੇ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰ-ਮਰਿਆਦਾ ਬਹਾਲ ਕੀਤੀ। ਅੰਮ੍ਰਿਤਸਰ 'ਚ ਫਿਰ ਤੋਂ ਰੌਣਕਾਂ ਲੱਗਣੀਆਂ ਸ਼ੁਰੂ ਹੋਈਆਂ। ਸੰਗਤਾਂ ਦੀ ਆਮਦ ਵਧੀ ਅਤੇ ਹਰੀ ਜਸ ਦੇ ਪ੍ਰਵਾਹ ਟੁਰੇ।

ਮੁਗ਼ਲਾਂ ਨਾਲ ਯੁੱਧ ਅਤੇ ਹੋਰ ਕਈ ਤਰ੍ਹਾਂ ਦੇ ਕੌਤਕ ਵਰਤਾ ਜਦ ਦਸ਼ਮੇਸ਼ ਬਠਿੰਡੇ ਪੁੱਜੇ ਤਾਂ ਇੱਥੇ ਪਹੁੰਚ ਭਾਈ ਮਨੀ ਸਿੰਘ ਨੂੰ ਗੁਰ ਦਰਸ਼ਨਾਂ ਦਾ ਸੁਭਾਗ ਮੁੜ ਹਾਸਲ ਹੋਇਆ। ਸਤਿਗੁਰੂ ਜੀ ਨੇ ਇੱਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੁੜ ਤਿਆਰ ਕਰਦਿਆਂ ਆਪ ਤੋਂ ਲਿਖਣ ਦੀ ਮਹਾਨ ਸੇਵਾ ਲਈ। ਇਸ ਸਾਰੇ ਕੰਮ 'ਚ ਤਕਰੀਬਨ ਨੌਂ ਮਹੀਨੇ ਨੌਂ ਦਿਨ ਦਾ ਸਮਾਂ ਲੱਗਾ। ਇਕ ਪਰੀਪੱਕ ਲੇਖਣੀਕਾਰ ਦੀ ਤਰ੍ਹਾਂ ਆਪ ਨੇ ਇਸ ਸਾਰੀ ਸੇਵਾ ਨੂੰ ਚਾਅਸਹਿਤ ਨਿਭਾਇਆ ਤੇ ਸਤਿਗੁਰਾਂ ਦੀ ਖ਼ੁਸ਼ੀ ਲਈ।

ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਚਲੇ ਗਏ ਤੇ ਆਪ ਅੰਮ੍ਰਿਤਸਰ ਮੁੜ ਆਏ। ਪੰਥ 'ਚ ਦੀਵਾਲੀ-ਵਿਸਾਖੀ ਦੇ ਪੁਰਬ ਬੜੇ ਚਾਅਸਹਿਤ ਮਨਾਏ ਜਾਂਦੇ। ਦੀਵਾਲੀ ਦਾ ਪੁਰਬ ਨੇੜੇ ਆਉਣ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਤੋਂ ਆਗਿਆ ਲੈਣ ਜਦ ਆਪ ਲਾਹੌਰ ਪੁੱਜੇ ਤਾਂ ਉਸ ਇਕ ਵੱਡੀ ਰਕਮ ਜਜ਼ੀਏ ਵਜੋਂ ਦੇਣ ਦੀ ਗੱਲ ਕਹੀ ਜੋ ਭਾਈ ਸਾਹਿਬ ਨੇ ਪੁਰਬ ਤੋਂ ਬਾਅਦ ਅਦਾ ਕਰਨੀ ਪ੍ਰਵਾਨ ਕਰ ਲਈ। ਪਰ ਇਤਿਹਾਸ ਦੇ ਇਸ ਪੜਾਅ ਤੇ ਜਦਕਿ ਭਾਈ ਸਾਹਿਬ ਦਾ ਵਾਸਤਾ ਲਾਹੌਰ ਦਰਬਾਰ ਨਾਲ ਪਿਆ, ਸਭ ਕੁਝ ਠੀਕ ਨਹੀਂ ਸੀ। ਲਾਹੌਰ ਦਰਬਾਰ 'ਚ ਦੀਵਾਲੀ ਪੁਰਬ ਤੇ ਸ਼ੜਅੰਤਰ ਦੀ ਘਾੜਤ ਘੜੀ ਜਾ ਰਹੀ ਸੀ ਜਿਸ ਦਾ ਪਤਾ ਲਾਹੌਰ ਤੋਂ ਆਉਂਦੀਆਂ ਹਵਾਵਾਂ ਸਦਕੇ ਭਾਈ ਸਾਹਿਬ ਨੂੰ ਲਗ ਗਿਆ ਸੀ। ਉਹਨਾਂ ਅਗਾਊਂ ਸਿੱਖ ਸੰਗਤਾਂ ਨੂੰ ਇਸ ਸੰਬੰਧੀ ਸੁਚੇਤ ਕਰ ਦਿੱਤਾ ਸੀ। ਸੋ ਸੰਗਤਾਂ ਦੀ ਆਮਦ ਘੱਟ ਰਹੀ, ਚੜ੍ਹਾਵਾ ਘੱਟ ਹੋਇਆ, ਨਤੀਜਤਨ ਭਾਈ ਸਾਹਿਬ ਮੁਕੱਰਰ ਰਕਮ

(ਬਾਕੀ ਪੰਨਾ 11 'ਤੇ)

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

**3 ਜੁਲਾਈ, 1919**

## ਸੁਲਹ ਦੇ ਦਸਖਤ ਹੋ ਗਏ

**ਸ਼ਹਿਨਸ਼ਾਹ ਸਲਾਮਤ ਦਾ ਸੰਦੇਸ਼ਾ**

(ਲੰਡਨ 28 ਜੂਨ 4 ਬਜੇ ਸ਼ਾਮ)

ਸੁਲਹ ਦੇ ਐਹਦਨਾਮੇ ਤੇ ਦਸਖਤ ਕਰ ਦਿਤੇ ਗਏ ਹਨ।

ਸ਼ਿਮਲਾ ਜੂਨ 29 ਸੁਲਹ ਦੇ ਇਕਰਾਰਨਾਮੇ ਉਤੇ ਜਰਮਨੀ ਵੱਲੋਂ ਦਸਖਤ ਹੋ ਜਾਣ ਪਰ ਹੇਠ ਲਿਖਿਆ ਸੰਦੇਸ਼ਾ ਸ਼ਹਿਨਸ਼ਾਹ ਸਲਾਮਤ ਆਪਣੀ ਸਲਤਨਤ ਵੱਲ ਭੇਜਦੇ ਹਨ:—

"ਸੁਲਹ ਦੇ ਇਕਰਾਰਨਾਮੇ ਤੇ ਦਸਖਤ ਹੋ ਜਾਣ ਸੰਬੰਧੀ ਖਬਰ ਨੂੰ ਸਾਰੀ ਬ੍ਰਿਟਿਸ਼ ਸਲਤਨਤ ਵਿਚ ਦਿਲੀ (ਗੂਹੜ) ਧੰਨਵਾਦ ਸਹਿਤ ਪ੍ਰਾਪਤ ਕੀਤਾ ਜਾਵੇਗਾ। ਉਹ ਭਿਆਨਕ ਯੁੱਧ ਜਿਸਨੇ ਯੂਰਪ ਦਾ ਸੱਤਜਾਨਾਸ ਕਰ ਦਿੱਤਾ ਅਰ ਦੁਨੀਆਂ ਨੂੰ ਮਹਾਨ ਬਿਪਤਾ ਦੇ ਮੂੰਹ ਵਸਾਇਆ, ਹੁਣ ਉਸਦੀ ਇਸ ਕਾਰਜ ਦੁਆਰਾ ਸਮਾਪਤੀ (ਅੰਤ) ਹੁੰਦੀ ਹੈ।

ਸਾਥ ਹੀ ਇਹ ਕਾਰਜ ਸੁਤੰਤ੍ਰਤਾ ਅਰ ਆਜ਼ਾਦੀ ਦੇ ਉਸ ਉੱਚ ਆਦ੍ਰਸ਼ ਦੀ 'ਫ਼ਤਹ' ਹੋਈ ਵੀ ਪ੍ਰਗਟ ਕਰਦਾ ਹੈ, ਜਿਸ ਲਈ ਅਸਾਂ ਬਿਅੰਤ ਕੁਰਬਾਨੀਆਂ ਕੀਤੀਆਂ।

ਮੈਂ ਇਸ ਸਮੇਂ ਆਪਣੀ ਰਿਆਯਾ ਦੀ ਪ੍ਰਸੰਨਤਾ ਅਰ (ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਇਸ ਕ੍ਰਿਪਾਲਤਾ ਲਈ) ਧੰਨਵਾਦ ਪ੍ਰਗਟ ਕਰਨ ਵਿਚ ਪ੍ਰਜਾ ਨਾਲ ਸ਼ਰੀਕ ਹਾਂ ਅਰ ਮੇਰੀ ਇਹ ਦਿਲੀ ਪ੍ਰਾਰਥਨਾ ਹੈ ਕਿ ਔਣ ਵਾਲੇ ਅਮਨ ਅਰ ਸ਼ਾਂਤੀ ਦੇ ਸਾਲ ਪ੍ਰਜਾ ਲਈ ਵਧ ਤੋਂ ਵਧ ਬਰਕਤਾਂ ਅਰ ਮੰਗਲਾਚਾਰ ਭਰੇ ਹੋਣ।"

## ਸੁਲਹ

ਏਹ ਖਬਰ ਪ੍ਰਸੰਨਤਾ ਪੂਰਬਕ ਸੁਨੀ ਜਾਵੇਗੀ ਕਿ 28 ਜੂਨ ਨੂੰ ਸੁਲਹ ਤੇ ਦਸਤਖਤ ਹੋ ਗਏ ਹਨ, 28 ਜੂਨ ਉਹ ਦਿਨ ਹੈ ਜਦੋਂ ਆਸਟਰੀਆ ਦੇ ਬਾਦਸ਼ਾਹ ਤੇ ਮਲਕਾਂ ਤੇ ਗੋਲੀ ਚਲਾਈ ਗਈ ਸੀ ਅਤੇ ਇਸੇ ਗੱਲ ਦਾ ਬਹਾਨਾ ਬਨਾਕੇ ਜਰਮਨਾਂ ਨੇ ਅਪਨੀ ਚਾਲੀ ਸਾਲ ਦੀ ਤਿਆਰੀ ਦੇ ਮਗਰੋਂ ਲੜਾਈ ਸ਼ੁਰੂ ਕੀਤੀ ਸੀ।

ਇਹ ਗੱਲ ਗੁੱਝੀ ਨਹੀਂ ਕਿ ਜਿਸ ਵੇਲੇ ਜਰਮਨੀ ਨੇ ਚਾਲੀ ਸਾਲ ਦੀ ਤਿਆਰੀ ਦੇ ਮਗਰੋਂ ਲੜਾਈ ਸ਼ੁਰੂ ਕੀਤੀ ਸੀ ਉਸ ਵੇਲੇ ਮਿੱਤ੍ਰ ਸ਼ਕਤੀਆਂ ਵੱਲੋਂ ਕੋਈ ਤਿਆਰੀਆਂ ਨਹੀਂ ਸੀ ਅਤੇ ਓਹ ਵੇਲਾ ਭੀ ਸਭ ਨੂੰ ਯਾਦ ਹੈ ਜਦੋਂ ਓਹ ਬੈਲਜੀਅਮ ਨੂੰ ਫਤੇ ਕਰਕੇ ਫਰਾਂਸ ਤੱਕ ਪੁਜ ਗਿਆ ਸੀ, ਉਸ ਵੇਲੇ ਮਹਾਨ ਟੇਕ ਇਹ ਸੀ ਕਿ "ਹਮੇਸ਼ਾਂ ਸੱਚ ਦੀ ਫਤੇ ਹੁੰਦੀ" ਹੈ। ਸੋ ਇਸ ਲੜਾਈ ਦੇ ਖਾਤਮੇਂ ਨੇ ਏਹ ਗੱਲ ਸਪਸ਼ਟ ਕਰਕੇ ਦੱਸ ਦਿੱਤੀ।

ਏਹ ਗੱਲ ਖੁਸ਼ੀ ਦੇਣ ਵਾਲੀ ਹੈ ਕਿ ਮਿੱਤ੍ਰ ਤਾਕਤਾਂ ਦੀ ਫਤੇ ਹੋਈ ਹੈ ਤੇ ਦੁਸ਼ਮਨ ਨੂੰ ਸਾਡੀਆਂ ਪੇਸ਼ ਕੀਤੀਆਂ ਹੋਈਆਂ ਸੁਲਾਹ ਦੀਆਂ ਸ਼ਰਤਾਂ ਮੰਨਣੀਆਂ ਪਈਆਂ ਹਨ।

ਖਾਸ ਕਰ ਸਿੱਖ ਜਿਨ੍ਹਾਂ ਨੇ ਬਾਵਜੂਦ ਗਿਨਤੀ ਵਿਚ ਘੱਟ ਹੋਣਦੇ ਭੀ ਇਸ ਲੜਾਈ ਵਿਚ ਬਹੁਤ ਹਿੱਸਾ ਲਿਆ ਹੈ ਇਹ ਸੁਣਕੇ ਅਤਿ ਪ੍ਰਸੰਨ ਹੋਣਗੇ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਵਿਅਰਥ ਨਹੀਂ ਗਈਆਂ ਕਿਉਂਕਿ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਇਸ ਫਤਹ ਵਿੱਚ ਮਹਾਨ ਹਿੱਸਾ ਹੈ। ਮਿੱਤ੍ਰ ਸ਼ਕਤੀਆਂ, ਸ਼ਹਿਨਸ਼ਾਹ ਸਲਾਮਤ ਤੇ ਜੰਗੀ ਬਹਾਦਰਾਂ ਤੇ ਸਲਤਨਤ ਨੂੰ ਵਧਾਈ ਹੋਵੇ।

## ਪਲੇਗ

ਪਲੇਗ 7 ਜੂਨ ਸੰਨ ਵਾਲੇ ਅਠਵਾਰੇ ਵਿਚ ਸਾਰੇ ਹਿੰਦੁਸਤਾਨ ਅੰਦਰ ਪਲੇਗ ਨਾਲ 491 ਮੌਤਾਂ ਹੋਈਆਂ। ਹਾਤੇ ਵਾਰ ਵੇਰਵਾ ਇਹ ਹੈ:—

ਪੰਜਾਬ 279, ਬੰਬਈ 99, ਯੁਕਤ ਸੂਬਾ 64, ਬੰਗਾਲ 3, ਬਿਹਾਰ ਤੇ ਉੜੀਸਾ 2 ਅਰ ਮਦਰਾਸ ਵਿਚ ਇਕ, ਬ੍ਰਹਮਾ 30, ਮੱਧ ਸੂਬਾ 2, ਰਿਆਸਤ ਮੈਸੂਰ 21।

## ਸਿੱਖਾਂ ਦੇ ਧਿਆਨ ਯੋਗ!

ਸ੍ਰਦਾਰ ਕਲਿਆਨ ਸਿੰਘ ਜੀ ਨੇ ਜੰਗ ਅਫ਼ਗਾਨਿਸਤਾਨ ਦੀਆਂ ਗ਼ਲਤ ਫ਼ੈਹਮੀਆਂ ਨੂੰ ਦੂਰ ਕਰਨ ਲਈ ਇਕ ਪੁਰ ਅਸਰ ਤਕਰੀਰ ਕਰਦੇ ਹੋਏ ਸਿੱਖ ਸੰਗਤ ਨੂੰ ਪ੍ਰੇਰਨਾ ਕੀਤੀ ਕਿ ਜਿਸ ਤਰਾਂ ਜੰਗ ਯੂਰਪ ਵਿਚ ਸਿੱਖਾਂ ਨੇ ਨੇਕ ਨਾਮੀ ਪ੍ਰਾਪਤ ਕੀਤੀ ਹੈ ਅਤੇ ਪਿਛਲੀ ਬਦਅਮਨੀ ਤੇ ਸ਼ੋਰਸ਼ ਦੇ ਦਿਨਾਂ ਵਿਚ ਕਿਸੇ ਤਰਾਂ ਦਾ ਹਿੱਸਾ ਨਾਂ ਲੈ ਕੇ ਸਿੱਖਾਂ ਨੇ ਆਪਣੀ ਵਫ਼ਾਦਾਰੀ ਦਾ ਅਮਲੀ ਸਬੂਤ ਦਿਤਾ ਹੈ, ਇਸੇ ਤਰਾਂ ਜੰਗ ਅਫ਼ਗਾਨਿਸਤਾਨ ਵਿਚ ਸ਼ਰੀਕ ਹੋ ਕੇ ਸਰਕਾਰ ਬਰਤਾਨੀਆਂ ਦੀ ਸੇਵਾ ਨਿਭਾਉਂਦਿਆਂ ਹੋਇਆ ਨੇਕ ਨਾਮੀ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਤੋਂ ਉਪ੍ਰੰਤ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਸੋਧੇ ਗਏ:—

(1) ਸਿੱਖ ਸੰਗਤ ਡਿੰਗਾ ਪਿਛਲੀ ਸ਼ੋਰਸ਼ ਤੇ ਬਦਅਮਨੀ ਨੂੰ ਬੜੀ ਨਫਰਤ ਨਾਲ ਵੇਖਦੀ ਹੈ, ਅਤੇ ਵਾਹਿਗੁਰੂ ਅਕਾਲ ਪੁਰਖ ਦਾ ਧੰਨਜਵਾਦ ਕਰਦੀ ਹੈ ਕਿ ਇਹ ਕਸਬਾ ਇਸ ਤੁਫਾਨ ਤੋਂ ਬਚਿਆ ਰਿਹਾ ਹੈ। ਇਸ ਖਾਸ ਕਰ ਮੁਕਾਮੀ ਅਫਸਰਾਂ ਦੀ ਨੇਕ ਨੀਯਤੀ ਤੇ ਚੰਗੇ ਸੁਭਾਉ ਅਤੇ ਡਿੰਗੇ ਦੇ ਪਤਵੰਤੇ ਸੱਜਣਾਂ ਦੀ ਦੂਰਅੰਦੇਸ਼ੀ ਦਾ ਨਤੀਜਾ ਹੈ, ਜੋ ਬਹੁਤ ਸਲਾਘਾਯੋਗ ਹੈ।

(2) ਸਿੰਘ ਸਭਾ ਡਿੰਗਾ ਅਮੀਰ ਅਫ਼ਗਾਨਿਸਤਾਨ ਦੀ ਐਹਮਕਾਨਾਂ ਛੇੜ ਛਾੜ ਅਤੇ ਬੇਵਜ੍ਹਾ ਜੰਗ ਛੇੜਨ ਤੇ ਬੜੀ ਘ੍ਰਿਣਾਂ ਪ੍ਰਗਟ ਕਰਦੀ ਹੈ ਤੇ ਸਾਰੇ ਸਿੱਖ ਭਰਾਵਾਂ ਅਗੇ ਅਪੀਲ ਕਰਦੀ ਹੈ ਕਿ ਸਰਕਾਰ ਬਰਤਾਨੀਆਂ ਨੂੰ ਪੂਰੀ ਪੂਰੀ ਇਮਦਾਦ ਦੇ ਕੇ ਆਪਣੀ ਵਫ਼ਾਦਾਰੀ ਦਾ ਪੂਰਾ ਪੂਰਾ ਸਬੂਤ ਦਿਤਾ ਜਾਵੇ।

(3) ਪ੍ਰਵਾਨ ਹੋਇਆ ਕਿ ਇਨ੍ਹਾਂ ਗੁਰਮਤਿਆਂ ਦੀਆਂ ਨਕਲਾਂ ਚੀਫ ਖਾਲਸਾ ਦੀਵਾਨ ਤੇ ਪੰਥਕ ਅਖਬਾਰਾਂ ਤੇ ਅਖਬਾਰ 'ਹੱਕ' ਅਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦਰ ਗੁਜਰਾਤ ਦੀ ਸੇਵਾ ਵਿਚ ਘੱਲੀਆਂ ਜਾਣ।

ਆਪ ਦਾ ਦਾਸ— ਖਜਾਨ ਸਿੰਘ ਸਕੱਤ੍ਰ

ਸਿੰਘ ਸਭਾ ਡਿੰਗਾ

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੦, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੬}

ਵਡਹੰਸੁ ਮਹਲਾ ੩, ਚਉਪਦਾ ੮-੧੧

| ਮੂਲ | ਅਰਥ |
|---|---|
| ਵਡਹੰਸੁ ਮਹਲਾ ੩॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਸਚੈ ਸਬਦਿ ਸਚਿ ਸਮਾਇ॥੧॥ | [ਪ੍ਰਸ਼ਨ: ਐਸਾ ਨਾਮ ਕਿਥੋਂ ਮਿਲਦਾ ਹੈ? ਉੱਤਰ:] (ਐਸਾ) ਨਾਮ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ, (ਗੁਰੂ ਦੇ) ਸੱਚੇ ਸ਼ਬਦ ਦੁਆਰਾ ਹੀ (ਫਿਰ) ਸੱਚ ਵਿਚ ਸਮਾਈ ਹੁੰਦੀ ਹੈ॥੧॥ |
| ਏ ਮਨ ਨਾਮੁ ਨਿਧਾਨੁ ਤੂ ਪਾਇ॥ ਆਪਣੇ ਗੁਰ ਕੀ ਮੰਨਿ ਲੈ ਰਜਾਇ॥੧॥ਰਹਾਉ॥ | ਹੇ ਮਨ! ਤੂੰ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਕਰ ਲਏਂਗਾ (ਜੇ ਤੂੰ) ਆਪਣੇ ਗੁਰੂ ਦੀ ਰਜ਼ਾ (=ਆਗਿਆ) ਮੰਨ ਲਵੇਂਗਾ ਤਾਂ॥੧॥ਰਹਾਉ॥ |
| ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ॥ ਨਿਰਮਲੁ ਨਾਮੁ ਵਸੈ ਮਨਿ ਆਇ॥੨॥ | (ਪਹਿਲਾਂ) ਗੁਰੂ ਦੇ (ਨਾਮ) ਉਪਦੇਸ਼ ਦੁਆਰਾ (ਮਨ) ਵਿਚੋਂ ਮੈਲ ਗੁਆ ਲੈ, ਫੇਰ ਨਿਰਮਲ ਨਾਮ (ਤੇਰੇ) ਮਨ ਵਿਚ ਆ ਵਸੇਗਾ॥੨॥ |
| ਭਰਮੈ ਭੂਲਾ ਫਿਰੈ ਸੰਸਾਰੁ॥ ਮਰਿ ਜਨਮੈ ਜਮੁ ਕਰੇ ਖੁਆਰੁ॥੩॥ | (ਜਗਤ ਵੱਲ ਨਾ ਵੇਖ, ਇਹ) ਜਗਤ (ਤਾਂ) ਭਰਮ ਵਿਚ ਭੁੱਲਾ ਪਿਆ ਫਿਰਦਾ ਹੈ। (ਇਹ) ਮਰ ਕੇ ਜੰਮਦਾ (ਜੰਮ ਕੇ ਮਰਦਾ) ਰਹਿੰਦਾ ਹੈ (ਇਉਂ ਇਸ ਨੂੰ) ਜਮ ਖੁਆਰ ਕਰਦਾ ਰਹਿੰਦਾ ਹੈ॥੩॥ |
| ਨਾਨਕ ਸੇ ਵਡਭਾਗੀ ਜਿਨ ਹਰਿ ਨਾਮੁ ਧਿਆਇਆ॥ ਗੁਰਪਰਸਾਦੀ ਮੰਨਿ ਵਸਾਇਆ॥੪॥੮॥ | ਹੇ ਨਾਨਕ! ਓਹ ਵਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਹਰੀ ਦਾ ਨਾਮ ਗੁਰੂ ਦੀ ਕ੍ਰਿਪਾ ਦੁਆਰਾ ਧਿਆਇਆ (ਤੇ) ਮਨ ਵਿਚ ਵਸਾਇਆ ਹੈ॥੪॥੮॥ |

## ਭਾਈ ਮਨੀ ਸਿੰਘ...

ਅਦਾ ਨਾ ਕਰ ਸਕੇ। ਹੁਣ ਲਾਹੌਰ ਦਰਬਾਰ ਕੋਲ ਕਾਰਨ ਮੌਜੂਦ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਾਰਨ ਤੇ ਭਾਵੇਂ ਮੁਕੱਰਰ ਰਕਮ ਨਾ ਅਦਾ ਕਰ ਸਕਨਾ ਸੀ ਪਰ ਲਾਹੌਰ ਦਰਬਾਰ ਤੇ ਸਿੱਖਾਂ ਦੀ ਚੜ੍ਹਤ ਦਾ ਵੈਰੀ ਸੀ ਤੇ ਸਿੱਖਾਂ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਦਾ ਪੱਜ ਲੱਭ ਰਿਹਾ ਸੀ। ਭਾਈ ਸਾਹਿਬ ਦੀ ਸੁਚੇਤਤਾ ਸਦਕਾ ਵੱਧ ਨੁਕਸਾਨ ਕਰਨ ਦਾ ਮੌਕਾ ਤੇ ਜਾਂਦਾ ਰਿਹਾ ਪਰ ਭਾਈ ਸਾਹਿਬ ਤੇ ਹੋਰ ਚੁਨਿੰਦਾ ਸਿੱਖ ਉਸਦੀ ਕੈਦ 'ਚ ਹੋ ਗਏ। ਕਹਿਰ ਦਾ ਦੌਰ ਸ਼ੁਰੂ ਹੋਇਆ। ਭਾਈ ਮਨੀ ਸਿੰਘ ਨੂੰ ਆਖ਼ਰੀ ਦਾਅ— ਇਸਲਾਮ ਗ੍ਰਹਿਣ ਕਰਨ ਜਾਂ ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ ਗਿਆ। ਪੂਰੀ ਉਮਰ ਸਿੱਖੀ ਨੂੰ ਸਮਰਪਿਤ ਰਹੇ ਭਾਈ ਸਾਹਿਬ ਨੇ ਚੋਣ ਕਰਨ 'ਚ ਕੋਈ ਢਿੱਲ ਨਾ ਕੀਤੀ। ਨਤੀਜਤਨ ਭਾਈ ਸਾਹਿਬ ਦਾ ਬੰਦ-ਬੰਦ ਕੱਟ ਦਿੱਤਾ ਗਿਆ ਪਰ ਸਿੱਖੀ ਸਿਦਕ ਬਰਕਰਾਰ ਰਿਹਾ। ਇਹ ਉਹੀ ਸਿੱਖੀ ਸਿਦਕ ਸੀ ਜੋ ਪਹਿਲਾਂ ਉਹਨਾਂ ਦੇ ਪਰਿਵਾਰ 'ਚ ਸੀ ਤੇ ਗੁਰੂਆਂ ਦੀ ਨੇੜਤਾ ਸਦਕਾ ਇਹ ਹੋਰ ਪਰੀਪੱਕ ਹੋਇਆ ਸੀ। ਸਿੱਖੀ ਸਿਧਾਂਤਾਂ ਅਤੇ ਸਿੱਖ ਰਹਿਤ-ਬਹਿਤ ਨੂੰ ਸਮਰਪਿਤ ਭਾਈ ਮਨੀ ਸਿੰਘ ਦਾ ਜੀਵਨ ਵੀ ਤੇ ਅੰਤ (ਸ਼ਹੀਦੀ) ਵੀ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ-ਸਰੋਤ ਰਹੇਗਾ। ਸਿੱਖ ਸ਼ਹੀਦ ਪਰੰਪਰਾ ਦੇ ਆਪ ਇਕ ਅਜਿਹੇ ਨਿਵੇਕਲੇ ਚਾਨਣ-ਮੁਨਾਰੇ ਸਨ ਜਿਨ੍ਹਾਂ ਸ਼ਾਂਤਮਈ ਰਹਿ ਇਕ ਕਠਿਨ ਸ਼ਹਾਦਤ ਦਿੱਤੀ ਤੇ ਸਿੱਖੀ ਸਿਦਕ ਨੂੰ ਸਬੂਤਾ ਕਾਇਮ ਰੱਖਿਆ।

❖ ਮਨਿੰਦਰ ਸਿੰਘ ਸੋਨੀ, 9891591206

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸ੍ਰੀ ਅਕਾਲ ਤਖ਼ਤ ਵਿਖੇ ਮੀਰੀ-ਪੀਰੀ ਦਿਵਸ ਮਨਾਇਆ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਰੀ-ਪੀਰੀ ਦਿਵਸ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਤਖ਼ਤ ਸਾਹਿਬ ਵਿਖੇ ਰੱਖੇ ਅਖੰਡ ਪਾਠ ਦੇ ਭੋਗ ਮਗਰੋਂ ਇਲਾਹੀ ਬਾਣੀ ਦਾ ਕੀਰਤਨ ਹੋਇਆ। ਇਸ ਮੌਕੇ ਬੋਲਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਮੀਰੀ-ਪੀਰੀ ਦਿਵਸ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਵੈ-ਰੱਖਿਆ ਹਿਤ ਅਤੇ ਆਕੀਆਂ ਨੂੰ ਸੋਧਣ ਹਿਤ ਸਿੱਖਾਂ ਨੂੰ ਸ਼ਸਤਰ ਧਾਰਨ ਲਈ ਕਿਹਾ ਅਤੇ ਇਸੇ ਸ਼ਸਤਰ ਦੀ ਮਦਦ ਨਾਲ ਸ਼ਾਹੀ ਫ਼ੌਜਾਂ ਨਾਲ ਲੋਹਾ ਲਿਆ ਅਤੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਸਿੱਖਾਂ ਨੂੰ ਅੰਮ੍ਰਿਤਧਾਰੀ ਹੋਣ ਦਾ ਸੰਦੇਸ਼ਾ ਦਿੰਦਿਆਂ ਮੌਜੂਦਾ ਸਮੇਂ 'ਚ ਗਲਵਾਨ ਘਾਟੀ 'ਚ ਸ਼ਹੀਦ ਹੋਏ ਅੰਮ੍ਰਿਤਧਾਰੀ ਫ਼ੌਜੀ ਗੁਰਤੇਜ ਸਿੰਘ ਦੀ ਮਿਸਾਲ ਦਿੱਤੀ ਜਿਸ ਕਿਰਪਾਨ ਨਾਲ ਕਈਆਂ ਨੂੰ ਪਾਰ ਬੁਲਾਇਆ। ਇਸ ਮੌਕੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਨੂੰ ਮੀਰੀ-ਪੀਰੀ ਦਿਵਸ ਦੀ ਵਧਾਈ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰੱਖੇ ਗੁਰੂ ਸਾਹਿਬ ਦੇ ਸ਼ਸਤਰਾਂ ਦੇ ਦਰਸ਼ਨ ਵੀ ਕਰਵਾਏ।

## ਫਰਾਂਸ 'ਚ ਪਹਿਲਾ ਸਿੱਖ ਡਿਪਟੀ ਮੇਅਰ ਬਣਿਆ



ਫਰਾਂਸ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਜਦ ਕਿ ਦਸਤਾਰਧਾਰੀ ਸਿੱਖ ਡਿਪਟੀ ਮੇਅਰ ਚੁਣਿਆ ਗਿਆ ਹੈ। ਬੋਬਿਨੀ ਸ਼ਹਿਰ ਤੋਂ ਮਿਊਂਸਪੈਲਿਟੀ ਦੀਆਂ ਚੋਣਾਂ 'ਚ ਜੇਤੂ ਰਿਹਾ ਰਣਜੀਤ ਸਿੰਘ ਗੁਰਾਇਆ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸੇਖਾਂ ਨਾਲ ਸੰਬੰਧਤ ਹੈ। ਰਣਜੀਤ ਸਿੰਘ ਗੁਰਾਇਆ ਨੇ ਮੋਬਨ ਯੂਨੀਵਰਸਿਟੀ ਤੋਂ ਕਾਨੂੰਨ 'ਚ ਡਿਗਰੀ ਕੀਤੀ ਹੈ। ਜ਼ਿਕਰਯੋਗ ਹੈ ਰਣਜੀਤ ਸਿੰਘ ਨੂੰ ਦਸਤਾਰ ਸਜਾਉਣ ਖ਼ਾਤਰ ਸਕੂਲ 'ਚੋਂ ਕੱਢ ਦਿੱਤਾ ਗਿਆ ਸੀ ਤੇ ਅੱਜ ਉਹੀ ਰਣਜੀਤ ਸਿੰਘ ਆਪਣੇ ਕੰਮਾਂ ਤੇ ਲੋਕਾਂ ਦੇ ਪਿਆਰ ਸਦਕਾ ਇਸ ਮੁਕਾਮ ਤਕ ਪਹੁੰਚਿਆ ਹੈ। ਇਸ ਮੌਕੇ ਰਣਜੀਤ ਸਿੰਘ ਨੇ ਉਸ ਨੂੰ ਜਿਤਾਉਣ ਵਾਲੇ ਲੋਕਾਂ ਦਾ ਦਿਲੋਂ ਧੰਨਵਾਦ ਕੀਤਾ। ਡਿਪਟੀ ਮੇਅਰ ਬਣੇ ਰਣਜੀਤ ਸਿੰਘ ਗੁਰਾਇਆ ਦੀ ਇਸ ਜਿੱਤ ਤੇ ਯੂਰਪੀ ਸਿੱਖਾਂ, ਧਾਰਮਿਕ ਸੰਸਥਾਵਾਂ ਅਤੇ ਸੇਵਾ ਸੁਸਾਇਟੀਆਂ ਨੇ ਵਧਾਈ ਦਿੱਤੀ ਹੈ।

## ਨਿਊਜ਼ੀਲੈਂਡ ਫ਼ੌਜ ਦਾ ਹਿੱਸਾ ਬਣਿਆ ਲੂਈ ਸਿੰਘ ਖਾਲਸਾ




ਨਿਊਜ਼ੀਲੈਂਡ 'ਚ ਕੈਂਟਰਬਰੀ ਦੇ ਸ਼ਹਿਰ ਟੀਮਾਰੂ ਦਾ ਵਸਨੀਕ ਨੌਜਵਾਨ ਲੂਈ ਸਿੰਘ ਖਾਲਸਾ ਜਿਸ ਦਾ ਪਹਿਲਾ ਨਾਂ ਲੂਈਸ ਟਾਲਬੋਟ ਸੀ, ਅੰਮ੍ਰਿਤ ਛਕਣ ਤੋਂ ਬਾਅਦ ਸਿੰਘ ਸਜ ਗਿਆ ਅਤੇ ਨਿਊਜ਼ੀਲੈਂਡ ਦੀ ਫ਼ੌਜ 'ਚ ਭਰਤੀ ਹੋ ਗਿਆ। ਫ਼ੌਜ ਵਿਚ ਭਰਤੀ ਹੋਏ 63 ਜਵਾਨਾਂ ਦੀ ਪਾਸਿੰਗ ਪਰੇਡ 'ਚ ਇਹ ਇਕੱਲਾ ਗੋਰਾ ਨੌਜਵਾਨ ਸਿੱਖ ਸੀ। ਹਰੇ ਰੰਗ ਦੀ ਫ਼ੌਜੀ ਵਰਦੀ, ਦਸਤਾਰ ਤੇ ਫ਼ੌਜ ਦਾ ਲੋਗੋ, ਭੂਰੇ ਰੰਗ ਦਾ ਪ੍ਰਕਾਸ਼ਿਤ ਦਾੜ੍ਹਾ ਅਤੇ ਕੱਛ 'ਚ ਮਿਲਟਰੀ ਸਲੀਕੇ ਨਾਲ ਫੜੀ ਬੰਦੂਕ ਇਸ ਸਭ ਨੇ ਸਾਰਿਆਂ ਦਾ ਧਿਆਨ ਇਸ ਵਲ ਖਿੱਚਿਆ ਹੋਇਆ ਸੀ। ਇਸ ਦਿਲਖਿੱਚਵੇਂ ਨੌਜਵਾਨ ਦਾ ਹੁਣ ਤਕ ਦਾ ਜੀਵਨ ਸਫ਼ਰ ਵੀ ਦਿਲਚਸਪ ਹੈ। ਲੂਈ ਸਿੰਘ ਖਾਲਸਾ (ਲੂਈਸ ਟਾਲਬੋਟ) ਦੀ ਸਕੂਲੀ ਦਿਨਾਂ ਤੋਂ ਹੀ ਸਾਂਝ ਕੁਝ ਸਿੱਖ ਪਰਿਵਾਰਾਂ ਨਾਲ ਸੀ। ਕ੍ਰਾਈਸਟ ਕਾਲਜ ਕ੍ਰਾਈਸਟਚਰਚ ਤੋਂ ਡਿਗਰੀ ਕਰਨ ਤੋਂ ਬਾਅਦ ਇਸ ਅੰਦਰ ਸਿੱਖੀ ਬਾਰੇ ਜਾਨਣ ਦੀ ਪ੍ਰਬਲ ਇੱਛਾ ਉਠੀ ਅਤੇ ਉਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਆਉਣ-ਜਾਣ ਲਗ ਪਿਆ। ਇਨ੍ਹਾਂ ਦਿਨਾਂ ਵਿਚ ਹੀ ਇਸ ਨੇ ਉਪਲਬਧ ਅੰਗ੍ਰੇਜ਼ੀ ਪੁਸਤਕਾਂ ਤੋਂ ਸਿੱਖੀ ਬਾਰੇ ਬਹੁਤ ਕੁਝ ਸਮਝ-ਪੜ੍ਹ ਲਿਆ। 2018 ਵਿਚ ਇਸ ਨੌਜਵਾਨ ਦਾ ਪੰਜਾਬ ਆਉਣ ਹੋਇਆ ਤੇ ਉਦੋਂ ਹੀ ਉਹ ਸੁਭਾਗਾ ਸਮਾਂ ਬਣਿਆ ਜਦੋਂ ਲੂਈਸ ਟਾਲਬੋਟ ਨਾਂ ਦਾ ਇਹ ਨੌਜਵਾਨ ਅੰਮ੍ਰਿਤ ਛਕ ਕੇ ਲੂਈ ਸਿੰਘ ਖਾਲਸਾ ਬਣਿਆ। ਇੱਥੇ ਆ ਕੇ ਲੂਈ ਸਿੰਘ ਖਾਲਸਾ ਨੇ ਗੁਰਮੁਖੀ ਵੀ ਸਿੱਖੀ ਤੇ ਪਾਠ ਕਰਨਾ ਵੀ। ਲੂਈ ਸਿੰਘ ਖਾਲਸਾ ਹੁਣ ਤਿਆਰ-ਬਰ-ਤਿਆਰ ਸਿੱਖ ਨੌਜਵਾਨ ਹੈ, ਨਿਊਜ਼ੀਲੈਂਡ ਫ਼ੌਜ ਦਾ ਹਿੱਸਾ ਵੀ ਤੇ ਇਕ ਤਰੀਕੇ ਨਾਲ ਸਾਡੇ ਅੱਜ ਦੇ ਸਿੱਖ ਨੌਜਵਾਨਾਂ ਲਈ ਪ੍ਰੇਰਨਾ-ਸ੍ਰੋਤ ਵੀ।